# ਦਫ਼ਨਾਇਆ ਜਾਣਾ

ਮੁਬਾਰਕ ਸਵਰਗੀ ਪਿਤਾ, ਪਵਿੱਤਰ ਆਤਮਾ ਦੀ ਹਜ਼ੂਰੀ ਦੇ ਨਾਲ ਜੋ ਕਿ ਪਹਿਲਾਂ ਹੀ ਇੱਥੇ ਹੈ, ਅਸੀਂ ਤੇਰੇ ਪਵਿੱਤਰ ਵਚਨ ਦੇ ਨੇੜੇ ਆਉਂਦੇ ਹਾਂ। ਜਦ ਕਿ ਮੇਰੀ ਖਰਾਬ ਅਵਾਜ ਰੋਕਣ ਦੀ ਕੋਸ਼ਿਸ ਕਰ ਰਹੀ ਹੈ, ਫਿਰ ਵੀ ਜਿੰਨੀ ਹੌਲੀ ਅਤੇ ਦ੍ਰਿੜਤਾ ਨਾਲ ਬੋਲ ਸਕਦਾ ਹਾਂ ਮੈਂ ਬੋਲਾਂਗਾ, ਮੈਂ ਅੱਜ ਰਾਤ ਤੁਹਾਡੀ ਰੱਬੀ ਅਗੁਵਾਈ ਅਤੇ ਪਵਿੱਤਰ ਆਤਮਾ ਦੇ ਮੱਸਹ ਦੀ ਮੰਗ ਕਰਦਾ ਹਾਂ ਕਿ ਸਾਡੇ ਦਰਮਿਆਨ ਚੱਲੇ। ਅਤੇ ਹੋਣ ਦੇ ਕਿ ਉਹ ਜਿਹੜਾ ਸਰਵ ਵਿਆਪੀ ਹੈ, ਉਹ ਪਰਮੇਸ਼ੁਰ ਦੇ ਵਚਨ ਨੂੰ ਲਵੇ ਅਤੇ ਹਰੇਕ ਹਿਰਦੇ ਨੂੰ ਦੇਵੇ, ਜਿਵੇਂ ਕਿ ਸਾਨੂੰ ਲੋੜ ਹੈ। ਉਹ ਅੱਜ ਰਾਤ ਸਾਨੂੰ ਪਰਮੇਸ਼ਵਰ ਦੀਆਂ ਚੰਗੀਆਂ ਚੀਜਾਂ ਖਿਲਾਵੇ।

2 ਅਤੇ ਅੱਜ ਰਾਤ, ਜਦੋਂ ਅਸੀਂ ਤੁਹਾਡੇ ਵਚਨ ਬਾਰੇ ਗੱਲ ਕਰ ਰਹੇ ਹਾਂ, ਅਜਿਹਾ ਹੋਵੇ ਕਿ ਸਾਡੇ ਹਿਰਦੇ ਮੀਲਾਂ ਸਫ਼ਰ ਤੈਅ ਕਰਕੇ ਕਲਵਰੀ ਵਿੱਚ ਪਹੁੰਚਣ, ਜਿੱਥੇ ਯਿਸੂ ਨੇ ਉਸ ਸਭ ਤੋਂ ਵੱਡੇ ਮੁੱਲ ਨੂੰ ਤਾਰਿਆ ਜਿਸ ਦੀ ਮੰਗ ਪਰਮੇਸ਼ੁਰ ਦੇ ਮਹਾਨ ਨਿਆਂ ਰਾਹੀਂ, ਅਦਨ ਦੇ ਬਾਗ ਤੋਂ ਕੀਤੀ ਗਈ ਸੀ। ਅਤੇ ਹੋਣ ਦੇ ਕਿ ਅੱਜ ਅਸੀਂ ਮਹਿਸੂਸ ਕਰੀਏ ਕਿ ਉਸ ਦੀ ਮੌਤ, ਅਤੇ ਦਫ਼ਨਾਏ ਜਾਣ, ਅਤੇ ਜੀ ਉੱਠਣ ਰਾਹੀਂ, ਅਸੀਂ ਪਹਿਲਾਂ ਹੀ ਧਰਮੀ ਠਹਿਰ ਚੁੱਕੇ ਹਾਂ।

3 ਅਤੇ ਅੱਜ ਰਾਤ ਅਸੀਂ ਸੰਸਾਰ ਦੇ ਨਹੀਂ ਰਹੇ ਹਾਂ, ਕਿਉਂਕਿ ਅਸੀਂ ਪਰਮੇਸ਼ਵਰ ਦੇ ਪੁੱਤਰ ਦੇ ਬਹੁਮੁੱਲੇ ਲਹੂ ਰਾਹੀਂ ਖਰੀਦੇ ਜਾ ਚੁੱਕੇ ਹਾਂ। ਅਤੇ ਹੋਣ ਦੇ, ਕਿ ਅਸੀਂ ਧੰਨਵਾਦੀ ਹਿਰਦਿਆਂ ਨਾਲ, ਅੱਜ ਰਾਤ ਤੁਹਾਡੇ ਵੱਲ ਮੁੜੀਏ, ਸੰਪੂਰਨ ਮਨ ਅਤੇ ਸਾਮਰਥ ਅਤੇ ਉਹਨਾਂ ਸਾਰੀਆਂ ਚੀਜਾਂ ਨਾਲ, ਜੋ ਸਾਡੇ ਅੰਦਰ ਹਨ, ਅਤੇ ਸ਼ੁੱਧ, ਅਤੇ ਖਾਲਸ ਹਿਰਦੇ ਨਾਲ ਤੁਹਾਡੀ ਸੇਵਾ ਕਰੀਏ।

4 ਅੱਜ ਰਾਤ ਬਖਸ ਦਿਓ, ਪਿਤਾ, ਜੇ ਕੁਝ ਲੋਕ ਇੱਥੇ ਹਨ ਜੋ ਤੁਹਾਨੂੰ ਨਹੀਂ ਜਾਣਦੇ, ਆਪਣੇ ਪਾਪਾਂ ਦੀ ਮਾਫ਼ੀ ਦੇ ਲਈ, ਹੋਣ ਦੇ ਕਿ ਉਹ ਹਲੀਮੀ ਨਾਲ ਸਲੀਬ ਕੋਲ ਆਉਣ, ਅਤੇ ਉੱਥੇ ਆਪਣੇ ਪਾਪਾਂ ਨੂੰ ਉਸ ਪਰਮੇਸ਼ੁਰ ਦੇ ਅੱਗੇ ਸਵੀਕਾਰ ਕਰ ਲੈਣ ਜੋ ਨਿਆਈਂ ਹੈ, ਅਤੇ ਮਾਫ਼ੀ ਪਾਉਣ। ਅਤੇ ਇਹ ਰਾਤ ਸਾਡੇ ਸਾਰਿਆਂ ਲਈ ਇੱਕ ਮਹਾਨ ਰਾਤ ਹੋਵੇ। ਅਸੀਂ ਇਸ ਬੇਨਤੀ ਨੂੰ ਤੁਹਾਡੇ ਪੁੱਤਰ, ਯਿਸੂ ਦੇ ਨਾਮ ਵਿੱਚ ਮੰਗਦੇ ਹਾਂ। ਆਮੀਨ।

5 ਹੁਣ ਅਸੀਂ ਇਹ ਮਹਿਸੂਸ ਕਰਦੇ ਹਾਂ ਕਿ ਇਸ ਧਰਤੀ ਉੱਤੇ, ਕੋਈ ਵੀ ਨਹੀਂ ਹੈ, ਜੋ ਪਰਮੇਸ਼ੁਰ ਦੇ ਵਚਨ ਨੂੰ ਲੈਣ ਅਤੇ ਇਸ ਨੂੰ ਖੋਲ੍ਹਣ ਦੇ ਯੋਗ ਹੋਵੇ,

ਕਿਉਂਕਿ ਵਚਨ ਪ੍ਰੇਰਣਾ ਰਾਹੀਂ ਲਿਖਿਆ ਗਿਆ ਹੈ। ਪਵਿੱਤਰ ਆਤਮਾ ਵਚਨ ਦਾ ਲਿਖਾਰੀ ਹੈ।

6 ਅਰ ਜਦ ਸਵਰਗ ਵਿੱਚ, ਕਿਸੇ ਆਦਮੀ ਦੀ ਭਾਲ ਕੀਤੀ ਗਈ, ਕਿ ਉਹ ਉਸ ਪੋਥੀ ਨੂੰ ਲਵੇ ਅਤੇ ਮੋਹਰਾਂ ਨੂੰ ਖੋਲ੍ਹੇ, ਉੱਥੇ ਸਵਰਗ ਵਿੱਚ ਕੋਈ ਨਾ ਮਿਲਿਆ, ਨਾ ਧਰਤੀ ਉੱਤੇ, ਨਾ ਹੀ ਧਰਤੀ ਦੇ ਹੇਠਾਂ, ਜੋ ਮੋਹਰਾਂ ਨੂੰ ਖੋਲ੍ਹਣ ਦੇ ਯੋਗ ਹੋਵੇ, ਜਾਂ ਇੱਥੋਂ ਤਕ ਕਿ ਉਸ ਪੋਥੀ ਵੱਲ ਵੇਖਣ ਦੇ ਯੋਗ ਵੀ ਹੋਵੇ। ਅਤੇ ਉੱਥੇ ਇੱਕ ਲੇਲਾ ਸੀ ਜਿਹੜਾ ਜਗਤ ਦੀ ਨੀਂਹ ਰੱਖਣ ਤੋਂ ਪਹਿਲਾਂ ਹੀ ਕੋਹਿਆ ਗਿਆ ਸੀ, ਅਤੇ ਉਹ ਆਇਆ ਅਤੇ ਉਸਨੇ ਉਸ ਕੋਲੋਂ ਜੋ ਸਿੰਘਾਸਨ ਉੱਤੇ ਬਿਰਾਜਮਾਨ ਸੀ ਉਸ ਪੋਥੀ ਨੂੰ ਲੈ ਲਿਆ, ਅਤੇ ਮੋਹਰਾਂ ਨੂੰ ਖੋਲਿਆ ਅਤੇ ਵਚਨ ਨੂੰ ਖੋਲ੍ਹ ਦਿੱਤਾ।

7 ਅਤੇ ਅੱਜ ਰਾਤ ਅਸੀਂ ਉਸੇ ਤੇ ਨਿਹਚਾ ਕਰਦੇ ਹਾਂ ਅਤੇ ਭਰੋਸਾ ਕਰਦੇ ਹਾਂ, ਕਿ ਉਹ ਸਾਡੇ ਲਈ ਆਪਣੇ ਵਚਨ ਨੂੰ ਖੋਲ੍ਹੇਗਾ ਜਦਕਿ ਮੈਂ ਰਸੂਲਾਂ ਦੇ ਕਰਤੱਬ 2 ਅਧਿਆਇ ਵਿੱਚੋਂ ਪੜ੍ਹਦਾ ਹਾਂ।

8 ਜਿਵੇਂ ਕਿ ਮੈਂ ਕਿਹਾ ਸੀ, ਪਹਿਲੀ ਰਾਤ ਮੈਂ ਪ੍ਰਭੂ ਯਿਸੂ ਦੀ *ਦੂਸਰੀ ਆਮਦ*, ਤੇ...ਬੋਲਿਆ, ਜੋ ਕਿ ਬੁੱਧਵਾਰ ਸੀ। ਅਤੇ ਵੀਰਵਾਰ ਰਾਤ *ਸਰਬ-ਸੰਪੂਰਨ ਕੁਰਬਾਨੀ* ਤੇ ਬੋਲਿਆ ਸੀ। ਅਤੇ ਸ਼ੁੱਕਰਵਾਰ ਰਾਤ *ਸਰਬ ਸੰਪੂਰਨ ਪ੍ਰਾਸਚਿਤ ਛੁਟਕਾਰੇ; ਸਿੱਧਤਾ* ਉੱਤੇ ਸੀ। ਕੀ ਕਲ ਰਾਤ ਤੁਸੀਂ ਇਸਨੂੰ ਸਮਝ ਗਏ ਸੀ? *ਸਿੱਧ*, ਕਿਵੇਂ ਅਸੀਂ ਪੂਰਨ ਰੂਪ ਵਿੱਚ ਪਰਮੇਸ਼ੁਰ ਦੇ ਸਾਹਮਣੇ ਨਿਰਦੋਸ਼ ਅਤੇ ਸਿੱਧ ਹੋ ਸਕਦੇ ਹਾਂ! ਅਤੇ ਅੱਜ ਰਾਤ *ਦਫ਼ਨਾਇਆ ਜਾਣਾ* ਦੇ ਉੱਤੇ ਹੈ। ਅਤੇ ਕੱਲ੍ਹ ਰਾਤ *ਪੁਨਰ ਉਥਾਨ* ਤੇ ਹੈ। ਜਿਸ ਤਰ੍ਹਾਂ ਕਿ ਦਿਨ ਬੀਤਦੇ ਜਾ ਰਹੇ ਹਨ।

9 ਹੁਣ ਅੱਜ ਰਾਤ, ਮੈਂ ਆਪਣੇ ਵਚਨ ਦੇ ਪੜ੍ਹਨ ਲਈ, ਰਸੂਲਾਂ ਦੇ ਕਰਤੱਬ ਦੀ ਕਿਤਾਬ ਵਿੱਚੋਂ, 2 ਅਧਿਆਇ ਦੀ 25ਵੀਂ, 26ਵੀਂ, ਅਤੇ 27ਵੀਂ ਆਇਤ, ਨੂੰ ਚੁਣਿਆ ਹੈ। ਅਤੇ ਇਹ ਇਸ ਤਰ੍ਹਾਂ ਹੈ, ਪਤਰਸ ਬੋਲ ਰਿਹਾ ਹੈ।

> ਦਾਊਦ, ਇਸ ਲਈ *ਜੋ ਦਾਊਦ ਉਹ ਦੇ ਵਿਖੇ* ਆਖਦਾ ਹੈ, *ਮੈਂ ਪ੍ਰਭੂ ਨੂੰ ਆਪਣੇ ਸਨਮੁਖ ਸਦਾ ਵੇਖਿਆ, ਉਹ ਮੇਰੇ ਸੱਜੇ ਪਾਸੇ ਜੋ ਹੈ, ਇਸ ਲਈ ਮੈਂ ਨਾ ਡੋਲਾਂਗਾ:*
>
> *ਇਸ ਕਾਰਣ ਮੇਰਾ ਦਿਲ ਆਨੰਦ ਹੋਇਆ, ਅਤੇ ਮੇਰੀ ਜੀਭ ਨਿਹਾਲ ਹੋਈ; ਹਾਂ ਮੇਰਾ ਸ਼ਰੀਰ ਵੀ ਆਸਾ ਵਿੱਚ ਵੱਸੇਗਾ:*
>
> *ਕਿਉਂਕਿ ਤੂੰ ਮੇਰੀ ਜਾਨ ਨੂੰ ਪਤਾਲ ਵਿੱਚ ਨਾ ਛਡੇਂਗਾ, ਨਾ ਆਪਣੇ ਪਵਿੱਤਰ ਪੁਰਖ ਨੂੰ ਗਲਣ ਦੇਵੇਂਗਾ।*

10 ਅੱਜ ਰਾਤ ਲਈ ਕਿੰਨਾ ਸੁੰਦਰ ਵਿਸ਼ਾ ਹੈ, ਜਿਸ ਨਾਲ ਉਸ ਦੇ ਕਬਰ ਵਿੱਚ ਹੋਣ ਦਾ ਸੰਦਰਭ ਮਿਲਦਾ ਹੈ।

11 ਪਹਿਲੀ ਗੱਲ ਜਿਸ ਵੱਲ…ਅਸੀਂ ਤੁਹਾਡਾ ਧਿਆਨ ਦੁਆਉਣਾ ਚਾਹੁੰਦੇ ਹਾਂ, ਉਹ ਹੈ ਪਰਮੇਸ਼ੁਰ ਦੇ ਵਚਨ ਦੀ ਅਟੱਲਤਾ। ਪਰਮੇਸ਼ੁਰ ਆਪਣੇ ਵਚਨ ਨੂੰ ਲਫਜ ਦਰ ਲਫਜ, ਪੂਰਾ ਕਰਦਾ ਹੈ। ਅਤੇ ਅੱਜ ਰਾਤ ਅਸੀਂ ਆਪਣੀਆਂ ਸੋਚਾਂ ਨੂੰ ਇਸ ਤੇ ਸਥਿਰ ਕਰਨ ਚਾਹੁੰਦੇ ਹਾਂ, ਕਿ ਪਰਮੇਸ਼ੁਰ ਆਪਣੇ ਵਚਨ ਨੂੰ ਪੂਰਾ ਕਰਦਾ ਹੈ। ਅਸੀਂ ਕਿਸੇ ਵੀ ਗੱਲ ਤੇ ਜੋ ਪਰਮੇਸ਼ੁਰ ਨੇ ਆਪਣੇ ਵਚਨ ਵਿੱਚ ਕਹੀ ਹੈ ਯਕੀਨ ਕਰ ਸਕਦੇ ਹਾਂ, ਕਿ ਉਹ ਸੱਚ ਹੈ। ਅਤੇ ਵਿਸ਼ਵਾਸ ਮਨੁੱਖਾਂ ਦੇ ਵਿਚਾਰਾਂ ਦੀ ਖਿਸਕਦੀ ਹੋਈ ਰੇਤ ਉੱਤੇ ਜਾਂ ਮਨੁੱਖਾਂ ਦੀ ਧਰਮ ਵਿਦਿਆ ਉੱਤੇ ਟਿਕਿਆ ਹੋਇਆ ਨਹੀਂ ਹੁੰਦਾ ਹੈ, ਬਲਕਿ ਉਸਦੇ ਟਿਕਣ ਦਾ ਆਖਰੀ ਸਥਾਨ ਪਰਮੇਸ਼ੁਰ ਦੇ ਅਨੰਤ ਵਚਨ ਦੀ ਨਾ ਟਲਣ ਵਾਲੀ ਚਟਾਨ ਤੇ ਹੁੰਦਾ ਹੈ।

12 ਵਚਨ! ਜੇ ਇਹ ਪਰਮੇਸ਼ੁਰ ਨੇ ਕਿਹਾ ਹੈ, ਫਿਰ ਇਹ ਹਮੇਸ਼ਾ ਲਈ ਸੱਚ ਹੈ। ਉਹ ਕਦੇ ਵੀ ਇਸ ਨੂੰ ਵਾਪਸ ਨਹੀਂ ਲੈ ਸਕਦਾ ਇਹ ਨਹੀਂ ਕਹਿ ਸਕਦਾ ਕਿ, "ਮੇਰਾ ਮਤਲਬ ਇਹ ਨਹੀਂ ਸੀ।" ਮੈਂ ਗੱਲਾਂ ਕਰ ਸਕਦਾ ਹਾਂ ਅਤੇ ਤੁਸੀਂ ਗੱਲਾਂ ਕਰ ਸਕਦੇ ਹੋ, ਤੇ ਫਿਰ ਅਕਸਰ ਸਾਨੂੰ ਇਹਨਾਂ ਗੱਲਾਂ ਨੂੰ ਵਾਪਸ ਲੈਣਾ ਪੈਂਦਾ ਹੈ, ਕਿਉਂਕਿ ਅਸੀਂ ਉਹਨਾਂ ਗੱਲਾਂ ਨੂੰ ਆਪਣੇ ਸਭ ਤੋਂ ਵਧੀਆ ਗਿਆਨ ਅਤੇ ਆਪਣੀ ਸਭ ਤੋਂ ਵਧੀਆ ਯੋਗਤਾ ਨਾਲ ਕਿਹਾ ਹੁੰਦਾ ਹੈ। ਪਰ, ਫਿਰ, ਪਰਮੇਸ਼ੁਰ ਸਾਡੇ ਨਾਲੋਂ ਬਹੁਤ ਜਿਆਦਾ ਭਿੰਨ ਹੈ। ਉਹ ਬੇਅੰਤ ਹੈ, ਇਸ ਲਈ ਉਹ ਇੱਕ ਵੀ ਗੱਲ ਅਜਿਹੀ ਨਹੀਂ ਕਰਦਾ ਜੋ ਕਿ ਪੂਰੀ ਤਰ੍ਹਾਂ ਨਾਲ ਸਿੱਧ ਨਾ ਹੋਵੇ। ਉਸ ਨੂੰ ਕਦੇ ਵੀ ਆਪਣੀ ਗੱਲ ਨੂੰ ਵਾਪਿਸ ਨਹੀਂ ਲੈਣਾ ਪੈਂਦਾ, ਨਾ ਹੀ ਉਸ ਗੱਲ ਦੇ ਲਈ ਮਾਫ਼ੀ ਮੰਗਣੀ ਪੈਂਦੀ ਹੈ ਜੋ ਉਸਨੇ ਆਖੀ ਹੁੰਦੀ ਹੈ। ਉਹ ਗੱਲ ਹਮੇਸ਼ਾ ਹੀ ਸੱਚਾਈ ਬਣ ਕੇ, ਖੜੀ ਰਹਿੰਦੀ ਹੈ।

13 ਇੱਥੋਂ ਤੱਕ ਕਿ ਯਿਸੂ, ਇਹਨਾਂ ਮਹਾਨ ਦਿਨਾਂ ਵਿੱਚ ਜਿਸ ਨੂੰ ਅਸੀਂ ਮਨਾ ਰਹੇ ਹਾਂ, ਜਦੋਂ ਪਰਮੇਸ਼ੁਰ ਨੇ ਸੱਚਮੁੱਚ ਆਪਣੇ ਪੁੱਤਰ ਨੂੰ ਜਹਾਨ ਦੇ ਪਾਪਾਂ ਲਈ, ਜਗਤ ਦੀ ਨੀਂਹ ਧਰਨ ਤੋਂ ਸ਼ਾਇਦ ਹਜਾਰ ਸਾਲ ਪਹਿਲਾਂ ਕੁਰਬਾਨ ਕੀਤਾ। ਪਰਮੇਸ਼ੁਰ ਨੇ ਸ਼ਬਦ ਬੋਲਿਆ, ਜਦੋਂ ਪਰਮੇਸ਼ੁਰ ਬੋਲਦਾ ਹੈ ਤਾਂ ਸਵਰਗ ਵਿੱਚ ਇਹ ਪੂਰਾ ਹੋ ਜਾਂਦਾ ਹੈ; ਇਹ ਪਹਿਲਾਂ ਹੀ ਪੂਰਾ ਹੋ ਜਾਂਦਾ ਹੈ। ਔਹ, ਜੇ ਅਸੀਂ ਸਿਰਫ ਇਹ ਸਮਝ ਸਕਦੇ ਕਿ ਇਸਦਾ ਕੀ ਮਤਲਬ ਹੈ, ਤਾਂ ਅਸੀਂ ਕਿੰਨੇ ਵੱਖਰੇ ਲੋਕ ਹੋ ਜਾਂਦੇ! ਉਸਦੀਆਂ ਪੁਸਤਕਾਂ ਵਿੱਚ ਵੇਖ ਕੇ, ਉਹ ਨਿਆਂ ਜੋ ਅਣਆਗਿਆਕਾਰੀਆਂ ਲਈ ਇਸ ਵਿੱਚ ਰੱਖਿਆ ਗਿਆ ਹੈ, ਇਹ ਇੱਕ

ਵਿਅਕਤੀ ਨੂੰ ਹਰ ਘੜੀ, ਆਪਣੇ ਆਪ ਦੀ ਜਾਂਚ ਕਰਨ ਲਈ ਮਜਬੂਰ ਕਰੇਗਾ; ਅਤੇ ਇਹ ਧਰਮੀਆਂ ਹਰ ਘੜੀ ਨੂੰ ਅਨੰਦ ਕਰੇਗਾ, ਜਦ ਉਹ ਉਨ੍ਹਾਂ ਬਰਕਤਾਂ ਨੂੰ ਪੜ੍ਹਨਗੇ ਜਿਨ੍ਹਾਂ ਦਾ ਪਰਮੇਸ਼ੁਰ ਵਫ਼ਾਦਾਰਾਂ ਲਈ ਵਾਅਦਾ ਕੀਤਾ ਹੈ, ਅਤੇ ਅਸੀਂ ਯਕੀਨ ਕਰ ਸਕਦੇ ਹਾਂ ਕਿ ਹਰੇਕ ਵਚਨ ਪੂਰਾ ਹੋਵੇਗਾ, ਬਸ ਆਪਣੇ ਪ੍ਰਾਣ ਦਾ ਲੰਗਰ ਇਸ ਉੱਤੇ ਪਾ ਦੇਈਏ। ਹਮੇਸ਼ਾ ਇਸੇ ਹੀ ਤਰ੍ਹਾਂ ਰਿਹਾ ਹੈ।

14 ਜਦੋਂ ਪਰਮੇਸ਼ੁਰ ਨੇ ਨੂੰਹ ਨਾਲ ਗੱਲ ਕੀਤੀ, ਜਲ ਪਰਲੋ ਤੋਂ ਪਹਿਲਾਂ ਦੇ ਸੰਸਾਰ ਵਿੱਚ, ਸ਼ਾਇਦ ਬਾਈਬਲ ਦੇ ਲਿਖੇ ਜਾਣ ਤੋਂ ਵੀ ਪਹਿਲਾਂ, ਜਾਂ ਇਸ ਬਾਈਬਲ ਦੇ ਲਿਖੇ ਜਾਣ ਤੋਂ ਪਹਿਲਾਂ; ਪਰਮੇਸ਼ੁਰ ਨੇ ਨੂੰਹ ਨੂੰ ਦੱਸਿਆ ਕਿ ਤੂਫਾਨ ਆਉਣ ਵਾਲਾ ਹੈ, ਅਤੇ ਪਾਣੀ ਸਾਰੀ ਧਰਤੀ ਨੂੰ ਢੱਕ ਲਵੇਗਾ। ਅਤੇ ਬਿਨਾ ਕਿਸੇ ਸਬੂਤ ਦੇ ਕਿ ਇਹ ਹੋਵੇਗਾ, ਹਰ ਚੀਜ਼ ਬਹੁਤ ਹੀ ਉਲਟ ਲੱਗਦੀ ਸੀ, ਨਹੀ ਨੇ ਡਰ ਦੇ ਨਾਲ ਕੰਮ ਕੀਤਾ ਅਤੇ ਜਹਾਜ਼ ਬਣਾਇਆ। ਇਹ ਉਸਦੇ ਪਰਿਵਾਰ ਅਤੇ ਉਸਦੇ ਆਪਣੇ ਆਪ ਦੇ ਬਚਾਉ ਲਈ ਸੀ। ਪਰਮੇਸ਼ੁਰ ਨੇ ਉਸ ਨੂੰ ਕਦੇ ਨਿਰਾਸ ਨਹੀਂ ਕੀਤਾ, ਕਿਉਂਕਿ ਇਹ ਉਸਦਾ ਵਚਨ ਸੀ। ਜਦੋਂ ਪ੍ਰਭੂ ਨੇ ਕਿਹਾ ਕਿ ਇਹ ਹੋਵੇਗਾ, ਤਾਂ ਇਹ ਹੋਣਾ ਹੀ ਸੀ।

15 ਹੁਣ, ਜਦੋਂ ਅਯੂਬ, ਜੋ ਕਿ ਬਾਈਬਲ ਦੀ ਸਭ ਤੋਂ ਪੁਰਾਣੀ ਕਿਤਾਬ ਹੈ, ਜੋ ਸ਼ਾਇਦ ਉਤਪਤ ਦੇ ਲਿਖੇ ਜਾਣ ਤੋਂ ਵੀ ਪਹਿਲਾਂ ਲਿਖੀ ਗਈ ਸੀ, ਅਤੇ ਇਸਨੂੰ ਬਾਈਬਲ ਵਿੱਚ ਸ਼ਾਮਿਲ ਕੀਤਾ ਗਿਆ ਹੈ। ਅਤੇ ਮੂਸਾ ਨੇ ਉਤਪਤ ਦੀ ਕਿਤਾਬ ਲਿਖੀ। ਅਯੂਬ ਨੇ, ਆਪਣੀ ਕਿਤਾਬ ਵਿੱਚ, ਪ੍ਰਭੂ ਦੁਆਰਾ ਦਿੱਤੇ ਗਏ ਵਾਅਦੇ ਤੇ ਪੂਰੀ ਮਜ਼ਬੂਤੀ ਨਾਲ ਵਿਸ਼ਵਾਸ ਕੀਤਾ। ਅਤੇ ਉਹ ਬਿਨਾਂ ਕਿਸੇ ਡਰ ਦੇ, ਹੋਮਬਲੀ ਦੇ ਲਾਗੇ ਖੜ੍ਹਾ ਰਿਹਾ; ਇਹ ਜਾਣਦੇ ਹੋਏ, ਕਿ ਜੋ ਪਰਮੇਸ਼ੁਰ ਨੇ ਕਿਹਾ ਹੈ, ਪਰਮੇਸ਼ੁਰ ਉਸਨੂੰ ਪੂਰਾ ਕਰਨ ਦੇ ਯੋਗ ਹੈ। ਅਤੇ ਜਦੋਂ ਸਭ ਕੁਝ ਉਲਟਾ ਹੁੰਦਾ ਜਾਪਦਾ ਸੀ, ਅਯੂਬ ਦ੍ਰਿੜਤਾ ਨਾਲ ਖੜ੍ਹਾ ਰਿਹਾ ਕਿਉਂਕਿ ਪਰਮੇਸ਼ੁਰ ਦਾ ਵਾਦਾ ਦ੍ਰਿੜ ਸੀ। ਪਰਮੇਸ਼ੁਰ ਨੇ ਅਯੂਬ ਨਾਲ ਵਾਦਾ ਕੀਤਾ, ਅਤੇ ਅਯੂਬ ਉਸ ਵਾਅਦੇ ਉੱਤੇ ਟਿਕਿਆ ਰਿਹਾ।

16 ਔਹ, ਜੇਕਰ ਕਲੀਸੀਆ ਕਦੇ ਅਜਿਹੀ ਜਗ੍ਹਾ ਉੱਤੇ ਪਹੁੰਚ ਸਕਦੀ ਜਿੱਥੇ ਉਹ ਦ੍ਰਿੜਤਾ ਨਾਲ ਪਰਮੇਸ਼ੁਰ ਦੇ ਸਦੀਪਕ ਵਚਨ ਨੂੰ ਸੱਚਾ ਸਾਬਤ ਹੋਣ ਉੱਤੇ ਟਿਕੀ ਰਹੇ! ਕਿੰਨਾ ਵੱਡਾ ਫਰਕ ਹੋਵੇਗਾ, ਕਿਹੋ ਜਿਹਾ ਸੁਧਾਰ ਹੋਵੇਗਾ, ਕਿਹੋ ਜਿਹੀ ਕਟਾਈ ਹੋਵੇਗੀ, ਕਿਹੋ ਜਿਹਾ ਆਨੰਦ ਹੋਵੇਗਾ, ਕਿਹੋ ਜਿਹੀ ਸਮਰੱਥਾ ਹੋਵੇਗੀ, ਜਦੋਂ ਆਦਮੀ ਅਤੇ ਔਰਤਾਂ ਪਰਮੇਸ਼ੁਰ ਨੂੰ ਉਸਦੇ ਪ੍ਰਤੱਖ ਮੁੱਲ ਉੱਤੇ ਲੈਣ, ਕਿ ਜੋ ਉਸ ਨੇ ਕਿਹਾ ਹੈ ਉਹ ਸੱਚ ਹੈ। ਕੋਈ ਗੱਲ ਨਹੀਂ ਹੈ ਕਿ ਹਾਲਾਤ ਕਿਸ ਤਰ੍ਹਾਂ ਦੇ ਵਿਖਾਈ ਦਿੰਦੇ ਹਨ, ਇਸ ਨਾਲ ਕੋਈ ਲੈਣਾ ਦੇਣਾ ਨਹੀਂ ਹੈ।

ਪਰਮੇਸ਼ੁਰ ਨੇ ਅਜਿਹਾ ਕਿਹਾ ਹੈ; ਬਸ ਮਾਮਲਾ ਖਤਮ!

17 ਅਤੇ ਅਯੂਬ, ਜਦੋਂ ਉਹ ਆਪਣੇ ਸਾਰੇ ਤਜਰਬੇ ਵਿੱਚ ਸਭ ਤੋਂ ਔਖੇ ਇਮਤਿਹਾਨ ਦੇ ਸਮੇਂ ਵਿੱਚ ਸੀ; ਜਦੋਂ ਕਿ ਉਹ ਪਰਮੇਸ਼ੁਰ ਦੀ ਹਜੂਰੀ ਵਿੱਚ, ਇੱਕ ਧਰਮੀ ਮਨੁੱਖ, ਪਾਇਆ ਗਿਆ ਸੀ। ਇੱਥੋਂ ਤਕ ਕਿ ਪਰਮੇਸ਼ੁਰ ਨੇ ਆਪ ਆਖਿਆ ਕਿ ਉਹ ਸਿੱਧ ਮਨੁੱਖ ਹੈ। ਧਰਤੀ ਉੱਤੇ ਉਹਦੇ ਵਰਗਾ ਕੋਈ ਵੀ ਨਹੀਂ ਸੀ। ਅਤੇ ਸ਼ੈਤਾਨ ਨੂੰ ਵੀ ਖਾਸ ਅਧਿਕਾਰ ਮਿਲਿਆ ਕਿ ਉਸ ਦੀ ਪ੍ਰੀਖਿਆ ਲਵੇ, ਆਖਿਆ, "ਮੈਂ ਉਸ ਕੋਲੋਂ ਤੇਰੇ ਮੂੰਹ ਉੱਤੇ ਫਿਟਕਾਰਾਂ ਪੁਆਵਾਂਗਾ।"

18 ਅਤੇ ਸ਼ੈਤਾਨ ਨੇ ਲੱਗਭਗ ਅਯੂਬ ਦੀ ਜਿੰਦਗੀ ਨੂੰ ਲੈ ਲਿਆ, ਅਤੇ ਲੈ ਵੀ ਲੈਂਦਾ, ਪਰ ਪਰਮੇਸ਼ੁਰ ਨੇ ਇੱਕ ਹੱਦ ਠਹਿਰਾਈ ਸੀ, ਆਖਿਆ, "ਤੂੰ ਉਸ ਨਾਲ ਜੋ ਚਾਹੇ ਕਰ ਸਕਦਾ ਹੈਂ, ਪਰ ਉਸ ਦੀ ਜਾਣ ਨਾ ਲਵੀਂ।"

19 ਤਾਂ ਜਦੋਂ ਅਯੂਬ ਪ੍ਰੀਖਿਆ ਦੀ ਸਭ ਤੋਂ ਗੰਭੀਰ ਘੜੀ ਵਿੱਚ ਖੜਾ ਸੀ, ਉਸਨੇ ਕਿਹਾ, "ਮੈਂ ਜਾਣਦਾ ਹਾਂ ਭਈ ਮੇਰਾ ਛੁਟਕਾਰਾ ਦੇਣ ਵਾਲਾ ਜਿਉਂਦਾ ਹੈ, ਅਤੇ ਅੰਤਮ ਦਿਨ ਨੂੰ ਉਹ ਧਰਤੀ ਉੱਤੇ ਖੜਾ ਹੋਵੇਗਾ। ਭਾਵੇਂ ਚਮੜੀ ਨੂੰ ਨਾਸ ਕਰਨ ਵਾਲੇ ਕੀੜੇ ਇਸ ਦੇਹ ਨੂੰ ਨਾਸ਼ ਕਰ ਦੇਣ, ਤਾਂ ਵੀ ਮੈਂ ਇਸੇ ਸ਼ਰੀਰ ਵਿੱਚ ਪਰਮੇਸ਼ੁਰ ਨੂੰ ਵੇਖਾਂਗਾ।" ਭਾਵੇਂ ਕਿੰਨਾ ਵੀ ਹਨੇਰਾ ਲੱਗੇ, ਅਤੇ ਕਿੰਨਾ ਵੀ ਉਹ ਅਸਲੀਅਤ ਤੋਂ ਦੂਰ ਲੱਗੇ, ਉੱਥੇ ਕੋਈ ਚੀਜ ਸੀ ਜਿਸ ਉੱਤੇ ਅਯੂਬ ਨੇ ਆਪਣੇ ਪ੍ਰਾਣ ਦਾ ਲੰਗਰ ਪਾ ਦਿੱਤਾ ਸੀ, ਉਹ ਸੀ ਪਰਮੇਸ਼ੁਰ ਦਾ ਸਦੀਪਕ ਵਾਦਾ। ਔਹ, ਜੇ ਅਸੀਂ ਕੇਵਲ ਅਜਿਹਾ ਕਰ ਸਕਦੇ! ਧਿਆਨ ਦਿਓ, ਉਹ ਵਾਅਦੇ ਉੱਤੇ ਟਿਕਿਆ ਰਿਹਾ, "ਮੈਂ ਜਾਣਦਾ ਹਾਂ ਮੇਰਾ ਛੁਟਕਾਰਾ ਦੇਣ ਵਾਲਾ ਜਿਉਂਦਾ ਹੈ।"

20 ਮੈਂ ਚਾਹੁੰਦਾ ਹਾਂ ਕਿ ਤੁਸੀਂ ਧਿਆਨ ਦਿਓ, ਅੱਗੇ ਆਉਣ ਵਾਲੀਆਂ ਗੱਲਾਂ ਲਈ ਮੈਂ ਇਹ ਆਖਣਾ ਚਾਹੁੰਦਾ ਹਾਂ, ਅਯੂਬ ਨੇ ਆਪਣੇ ਦਫ਼ਨਾਏ ਜਾਣ ਦੀ ਜਗ੍ਹਾ ਨੂੰ ਨਿਸ਼ਚਿਤ ਰੂਪ ਵਿੱਚ ਬਿਆਨ ਕੀਤਾ। ਅਤੇ ਜਦੋਂ ਅਯੂਬ ਮਰਿਆ, ਉਸ ਨੂੰ ਉਸੇ ਤਰ੍ਹਾਂ ਹੀ ਦਫ਼ਨਾਇਆ ਗਿਆ।

21 ਇੱਕ ਹੋਰ ਆਦਮੀ ਸੀ, ਜਿਸਦਾ ਨਾਮ ਅਬਰਾਹਮ ਸੀ, ਜਿਸ ਨੇ ਪਰਮੇਸ਼ੁਰ ਨੂੰ ਉਸ ਦੇ ਵਚਨ ਤੇ ਲਿਆ। ਅਤੇ ਉਸ ਨੇ ਪਰਮੇਸ਼ੁਰ ਉੱਤੇ ਵਿਸ਼ਵਾਸ ਕੀਤਾ। ਅਤੇ ਜੋ ਚੀਜਾਂ ਉਸ ਵਾਅਦੇ ਦੇ ਵਿਰੋਧ ਵਿੱਚ ਸਨ ਜੋ ਪਰਮੇਸ਼ੁਰ ਨੇ ਉਸ ਨਾਲ ਕੀਤਾ ਸੀ, ਉਸਨੇ ਉਹਨਾਂ ਚੀਜਾਂ ਨੂੰ ਇਉਂ ਸਮਝਿਆ ਕਿ ਉਹ ਹੈ ਹੀ ਨਹੀਂ ਹਨ। ਉਸਨੇ ਪਰਮੇਸ਼ੁਰ ਦੇ ਵਚਨ ਉੱਤੇ ਪ੍ਰਤੀਤੀ ਕੀਤੀ। ਅਤੇ ਜਦੋਂ ਦਿਨ ਲੰਘਦੇ ਗਏ, ਅਤੇ ਹਫ਼ਤੇ ਅਤੇ ਮਹੀਨੇ, ਅਤੇ ਇੱਥੋਂ ਤਕ

ਕਿ ਸਾਲਾਂ ਲੰਘ ਗਏ, ਇਸ ਨਾਲ ਅਬਰਾਹਾਮ ਜਰਾ ਵੀ ਨਹੀਂ ਹਿੱਲਿਆ। ਬਾਈਬਲ ਆਖਦੀ ਹੈ, "ਉਹ ਪਰਮੇਸ਼ਵਰ ਦੇ ਵਾਅਦੇ ਉੱਤੇ, ਬੇਪਰਤੀਤੀ ਕਰਕੇ, ਲੜਖੜਾਇਆ ਨਹੀਂ; ਪਰ ਵਫ਼ਾਦਾਰੀ ਨਾਲ ਪਰਮੇਸ਼ੁਰ ਦੀ ਵਡਿਆਈ ਕਰਦਾ ਰਿਹਾ।"

22 ਜਦੋਂ ਹਰੇਕ ਚੀਜ, ਹਰ ਦਿਨ, ਇਹ ਹਰ ਦਿਨ ਹੋਰ ਔਖਾ ਹੁੰਦਾ ਜਾ ਰਿਹਾ ਸੀ; ਪਰ ਕਮਜੋਰ ਹੋਣ ਦੀ ਬਜਾਏ, ਅਯੂਬ ਹਰ ਰੋਜ ਜਿਆਦਾ ਮਜਬੂਤ ਹੁੰਦਾ ਗਿਆ। ਔਹ, ਕਿੰਨ੍ਹਾ ਹੀ ਆਸ਼ੀਸ਼ ਭਰਿਆ ਭਰੋਸਾ ਸਾਡੇ ਕੋਲ ਹੈ! ਜਦੋਂ ਪਰਮੇਸ਼ੁਰ ਦੇ ਕੀਤੇ ਹੋਏ ਵਾਅਦੇ ਨੂੰ, ਅਸੰਭਵ ਬਣਾਉਣ ਦੇ ਲਈ, ਮੁਸ਼ਕਿਲਾਂ ਖੜੀਆਂ ਹੁੰਦੀਆਂ ਜਾਪਦੀਆਂ ਹਨ, ਤਾਂ ਦੁਨੀਆਂ ਵਿੱਚ ਵਾਪਿਸ ਜਾਣ ਦੀ ਬਜਾਏ, ਸਾਨੂੰ **ਯਹੋਵਾਹ ਇਉਂ ਫ਼ਰਮਾਉਂਦਾ ਹੈ**, ਉੱਤੇ ਇੰਨੀ ਦ੍ਰਿੜਤਾ ਨਾਲ ਖੜੇ ਹੋਣਾ ਚਾਹੀਦਾ ਹੈ, ਜਿਨਾਂ ਪਹਿਲਾਂ ਕਦੀ ਖੜੇ ਨਹੀਂ ਹੋਏ। ਜਦੋਂ ਪਰਮੇਸ਼ੁਰ ਕੁਝ ਬੋਲਦਾ ਹੈ, ਤਾਂ ਬਸ ਮਾਮਲਾ ਖਤਮ ਹੋ ਜਾਣਾ ਚਾਹੀਦਾ ਹੈ।

23 ਅਤੇ ਅਬਰਾਹਾਮ ਨੇ ਜਿਹੜੀਆਂ ਚੀਜਾਂ ਮੌਜੂਦ ਸਨ, ਉਹਨਾਂ ਨੂੰ ਇਉਂ ਸਮਝਿਆ ਕਿ ਉਹ ਹੈ ਹੀ ਨਹੀਂ, ਕਿਉਂਕਿ ਉਹ ਵਚਨ ਦੇ ਉਲਟ ਸਨ। ਜਦੋਂ ਅਬਰਾਹਾਮ ਨੇ ਆਪਣੀ ਪ੍ਰੇਮਿਕਾ ਅਤੇ ਪਤਨੀ ਸਾਰਾਹ ਨਾਲ, ਬਹੁਤ ਸਾਲ ਇਕੱਠਿਆਂ ਰਹਿਣ ਤੋਂ ਬਾਅਦ ਉਸਨੂੰ ਗੁਆ ਲਿਆ, ਤਾਂ ਉਸਨੇ ਜਮੀਨ ਦਾ ਇੱਕ ਟੁਕੜਾ ਖਰੀਦਿਆ ਜਿਹਦੇ ਲਾਗੇ ਅਯੂਬ ਦਫ਼ਨਾਇਆ ਗਿਆ ਸੀ, ਅਤੇ ਉੱਥੇ ਸਾਰਾਹ ਨੂੰ ਦਫ਼ਨਾ ਦਿੱਤਾ। ਹੈਰਾਨੀ ਨਹੀਂ ਹੁੰਦੀ ਕਿਉਂ? ਉਹ ਨਬੀ ਸਨ! ਉਹਨਾਂ ਨੇ ਵੇਖ ਲਿਆ ਸੀ! ਉਹਨਾਂ ਨੇ ਪਰਮੇਸ਼ੁਰ ਨਾਲ ਸੰਪਰਕ ਕਰ ਲਿਆ ਸੀ! ਅਤੇ ਜਦੋਂ ਅਬਰਾਹਾਮ ਮਰਿਆ, ਤਾਂ ਉਹ ਵੀ ਸਾਰਾਹ ਨਾਲ ਦਫ਼ਨਾਇਆ ਗਿਆ।

24 ਹੁਣ, ਉਸ ਨੇ ਜਮੀਨ ਦਾ ਉਹ ਟੁਕੜਾ ਉਹਨਾਂ ਲੋਕਾਂ ਕੋਲੋਂ ਇੰਝ ਹੀ ਨਹੀਂ ਲੈਣਾ ਚਾਹਿਆ। ਉਸਨੇ ਗਵਾਹਾਂ ਦੇ ਸਾਹਮਣੇ, ਇਸਨੂੰ ਖਰੀਦਿਆ। ਬਪਤਿਸਮੇ ਦਾ ਕਿੰਨਾਂ ਹੀ ਸ਼ਾਨਦਾਰ ਨਮੂਨਾ ਹੈ। ਉਸਨੇ ਗਵਾਹਾਂ ਦੇ ਸਾਹਮਣੇ ਇਸ ਨੂੰ ਖਰੀਦਿਆ, ਇਹ ਉਸੀ ਜਾਇਦਾਦ ਸੀ। ਔਹ, ਇਸੇ ਹੀ ਤਰੀਕੇ ਨਾਲ ਇੱਕ ਸੱਚੇ ਵਿਸ਼ਵਾਸੀ ਨੂੰ ਆਉਣਾ ਚਾਹੀਦਾ ਹੈ, ਕਿਸੇ ਨੁੱਕਰ ਵਿੱਚ ਜਾ ਕੇ ਨਹੀਂ, ਪਰ ਗਵਾਹਾਂ ਦੇ ਸਾਹਮਣੇ ਖੜੇ ਹੋਣਾ ਚਾਹੀਦਾ ਹੈ, "ਮੈਂ ਪ੍ਰਭੂ ਯਿਸੂ ਦਾ, ਅਤੇ ਪਵਿੱਤਰ ਆਤਮਾ ਦਾ, ਅਤੇ ਉਸ ਦੇ ਮਹਾਨ ਕੰਮਾਂ ਦਾ ਗਵਾਹ ਹਾਂ," ਅਤੇ ਸਾਨੂੰ ਹੋਰ ਵੱਧ ਅਜਿਹਾ ਕਰਨਾ ਚਾਹੀਦਾ ਹੈ ਜਦੋਂ ਕਿ ਅਸੀਂ ਉਸ ਬੁਰੇ ਦਿਨ ਨੂੰ ਲਾਗੇ ਆਉਂਦਾ ਵੇਖਦੇ ਹਾਂ।

25 ਅਤੇ ਜਦੋਂ ਅਬਰਾਹਾਮ ਦਾ ਪੁੱਤਰ, ਜਿਸ ਦਾ ਉਸ ਨਾਲ ਵਾਦਾ ਕੀਤਾ

ਗਿਆ ਸੀ, ਜੋ ਕਿ ਇਸਹਾਕ ਸੀ। ਜਦੋਂ ਇਸਹਾਕ ਮਰਿਆ, ਤਾਂ ਉਹ ਅਬਰਾਹਾਮ ਨਾਲ ਦਫ਼ਨਾਇਆ ਗਿਆ। ਅਤੇ ਇਸਹਾਕ ਤੋਂ ਯਾਕੂਬ ਜੰਮਿਆ।

26 ਅਤੇ ਜਦੋਂ ਯਾਕੂਬ…ਦੂਰ ਕਿਤੇ ਮਿਸਰ ਵਿੱਚ ਮਰਿਆ। ਪਰ ਧਿਆਨ ਦਿਓ, ਉਹਨੇ ਮਰਨ ਤੋਂ ਪਹਿਲਾਂ, ਆਪਣੇ ਨਬੀ ਪੁੱਤਰ, ਯੂਸਫ਼ ਨੂੰ ਆਖਿਆ, "ਇੱਧਰ ਆ, ਪੁੱਤਰ, ਅਤੇ ਆਪਣਾ ਹੱਥ ਲੰਗੜੇ ਪੱਟ ਉੱਤੇ ਰੱਖ।" ਤੁਹਾਨੂੰ ਯਾਦ ਹੈ ਕਿ ਉਹ ਕਿਸ ਤਰ੍ਹਾਂ ਲੰਗੜਾ ਹੋ ਗਿਆ ਸੀ, ਕਿਉਂਕਿ ਯਹੋਵਾਹ ਦੇ ਦੂਤ ਨੇ ਉਸ ਦੇ ਪੱਟ ਨੂੰ ਛੂਹ ਲਿਆ ਸੀ, ਅਤੇ ਉਸ ਦਿਨ ਤੋਂ ਉਹ ਲੰਗੜਾ ਹੋ ਗਿਆ ਸੀ। ਉਸਨੇ ਕਿਹਾ, "ਆਪਣਾ ਹੱਥ ਮੇਰੇ ਪੱਟ ਉੱਤੇ ਰੱਖ, ਅਤੇ ਮੇਰੇ ਨਾਲ ਆਪਣੇ ਪਿਓ ਦਾਦਿਆਂ ਦੇ ਪਰਮੇਸ਼ੁਰ ਦੀ ਸੌਂਹ ਖਾ, ਕਿ ਤੂੰ ਮੈਨੂੰ ਇੱਥੇ ਮਿਸਰ ਵਿੱਚ ਨਹੀਂ ਦਫ਼ਨਾਏਂਗਾ।" ਕਿਉ? ਔਹ, ਉਹਨਾਂ ਕੋਲ ਵਚਨ ਸੀ, ਉਹਨਾਂ ਕੋਲ ਪ੍ਰਕਾਸ਼ਨ ਸੀ!

27 ਅਤੇ ਹੋ ਸਕਦਾ ਹੈ ਕਿ ਕੁਝ ਆਖਣ ਲਈ ਮੈਂ ਇੱਥੇ ਰੁਕਾਂ, ਕਿ ਜਿਉਂਦੇ ਪਰਮੇਸ਼ੁਰ ਦੀ ਕਲੀਸੀਆ ਰੱਬੀ ਪ੍ਰਕਾਸ਼ਨ ਉੱਤੇ ਬਣੀ ਹੈ; ਜਥੇਬੰਦੀ ਉੱਤੇ ਨਹੀਂ, ਸੰਸਥਾ ਉੱਤੇ ਨਹੀਂ, ਅੱਕੀਂਦਿਆਂ ਜਾਂ ਸਿੱਖਿਆਵਾਂ ਉੱਤੇ ਨਹੀਂ, ਪਰ ਜਿਉਂਦੇ ਪਰਮੇਸ਼ੁਰ ਦੀ ਪ੍ਰਗਟ ਕੀਤੀ ਹੋਈ ਆਤਮਿਕ ਸੱਚਾਈ ਉੱਤੇ ਬਣੀ ਹੈ।

28 ਹਾਬਲ ਨੇ ਅਦਨ ਦੇ ਬਾਗ ਵਿੱਚ, ਜਦੋਂ ਕਲੀਸੀਆ ਦਾ ਆਰੰਭ ਹੋਇਆ। ਉਹ ਕਿਵੇਂ ਜਾਣ ਗਿਆ ਕਿ ਇੱਕ ਲੇਲਾ ਲੈਣਾ ਹੈ? ਕਿਉਂ ਉਹ ਕਾਇਨ ਦੀ ਤਰ੍ਹਾਂ ਫਲ ਨਹੀਂ ਲੈ ਕੇ ਆਇਆ? ਪਰ ਇਹ ਉਸ ਉੱਤੇ ਪ੍ਰਗਟ ਕੀਤਾ ਗਿਆ ਸੀ!

29 ਇੱਕ ਵਾਰੀ ਯਿਸੂ ਨੇ ਬੋਲਦੇ ਹੋਏ, ਕਿਹਾ, "ਲੋਕ ਮਨੁੱਖ ਦੇ ਪੁੱਤਰ ਨੂੰ ਕੀ ਆਖਦੇ ਹਨ?"

"ਕੁਝ ਆਖਦੇ ਹਨ ਕਿ ਤੂੰ 'ਮੂਸਾ' ਅਤੇ 'ਏਲੀਯਾਹ,' ਹੈਂ ਅਤੇ ਵਗੈਰਾ ਵਗੈਰਾ।"

ਉਸ ਨੇ ਕਿਹਾ, "ਪਰ ਤੁਸੀਂ ਕੀ ਆਖਦੇ ਹੋ ਕਿ ਮੈਂ ਕੌਣ ਹਾਂ?"

30 ਤੁਸੀਂ ਸਮਝੇ, ਇਹ ਇਸ ਉੱਤੇ ਨਿਰਭਰ ਨਹੀਂ ਹੈ ਕਿ ਕੋਈ ਕੀ ਸੋਚਦਾ ਹੈ, ਪਰ ਤੁਸੀਂ ਜਾਣਦੇ ਹੋ ਕਿ ਸੱਚਾਈ ਹੈ। "*ਤੁਸੀਂ* ਕੀ ਆਖਦੇ ਹੋ?" ਇਸ ਪ੍ਰਸ਼ਨ ਦੀ ਅੱਜ ਰਾਤ ਸਾਡੇ ਸਾਰਿਆਂ ਦੇ ਸਾਹਮਣੇ ਹੋਵੇਗਾ, "ਤੁਸੀਂ ਕੀ ਆਖਦੇ ਹੋ?"

31 ਅਤੇ ਪਤਰਸ ਬਿਨਾਂ ਕਿਸੇ ਝਿਜਕ ਦੇ ਛੇਤੀ ਨਾਲ ਬੋਲਣ ਲੱਗਾ, ਆਖਿਆ, "ਤੂੰ ਮਸੀਹ ਹੈਂ, ਜਿਉਂਦੇ ਪਰਮੇਸ਼ੁਰ ਦਾ ਪੁੱਤਰ।"

32 ਜਿਵੇਂ ਕਿ ਯਿਸੂ ਜੋ ਹਿਰਦਿਆਂ ਦੀਆਂ ਗੁਪਤ ਧਾਰਨਾਵਾਂ ਨੂੰ ਜਾਣਦਾ ਸੀ, ਕਿਉਂਕਿ ਉਹ ਕੁਝ ਹੋਰ ਨਹੀਂ ਪਰ ਯਹੋਵਾਹ ਸੀ ਜੋ ਦੇਹਧਾਰੀ ਹੋਇਆ ਸੀ, ਅਤੇ ਉਸਨੇ ਆਖਿਆ, "ਧੰਨ ਹੈਂ ਤੂੰ, ਸ਼ਮਊਨ, ਬਰ-ਯੋਨਾਹ, ਕਿਉਂ ਜੋ ਸ਼ਰੀਰ ਅਤੇ ਲਹੂ ਨੇ ਨਹੀਂ, ਸਗੋਂ ਮੇਰੇ ਪਿਤਾ ਨੇ ਜਿਹੜਾ ਸੁਰਗ ਵਿੱਚ ਹੈ ਇਹ ਗੱਲ ਤੇਰੇ ਉੱਤੇ ਪ੍ਰਗਟ ਕੀਤੀ ਹੈ। ਅਤੇ ਮੈਂ ਇਸ ਪੱਥਰ ਉੱਤੇ ਆਪਣੀ ਕਲੀਸੀਆ ਬਣਾਵਾਂਗਾ, ਅਤੇ ਪਤਾਲ ਦੇ ਫਾਟਕਾਂ ਦਾ ਉਹ ਦੇ ਉੱਤੇ ਕੁਝ ਵੱਸ ਨਾ ਚੱਲੇਗਾ।"

33 ਅਤੇ ਜਿਸ ਤਰ੍ਹਾਂ ਅਸੀਂ ਲੋਕ ਆਉਂਦੇ ਹਾਂ, ਅਸੀਂ ਲੂਥਰਨ ਲੋਕ ਨਿਹਚਾ ਨਾਲ ਚਲਣਾ ਚਾਹੁੰਦੇ ਹਾਂ, ਅਸੀਂ ਮੇਥੋਡਿਸਟ ਲੋਕ ਚੀਕ ਪੁਕਾਰ ਕੇ ਉਸ ਨੂੰ ਪ੍ਰਾਪਤ ਕਰਨਾ ਚਾਹੁੰਦੇ ਹਨ, ਤੁਸੀਂ ਪੈਂਤੀਕਾਸਟਲ ਲੋਕ ਇਸ ਨੂੰ ਪ੍ਰਾਪਤ ਕਰਨ ਲਈ ਪਰਾਈ ਭਾਸ਼ਾ ਵਿੱਚ ਬੋਲਣਾ ਚਾਹੁੰਦੇ ਹੋ, ਪਰ ਇਹ ਤਾਂ ਉਸ ਤੋਂ ਲੱਖਾਂ ਮੀਲ ਦੂਰ ਹੈ।

34 ਇਹ ਤਾਂ ਪ੍ਰਭੂ ਯਿਸੂ ਮਸੀਹ ਦਾ ਰੱਬੀ ਪ੍ਰਕਾਸ਼ ਹੈ, ਉਸਦੀ ਹੋਂਦ ਦਾ ਵਿਅਕਤੀ ਤੁਹਾਡੇ ਹਿਰਦੇ ਵਿੱਚ ਪ੍ਰਗਟ ਹੁੰਦਾ ਹੈ, "ਮੈਂ ਇਸ ਪੱਥਰ ਉੱਤੇ ਆਪਣੀ ਕਲੀਸੀਆ ਬਣਾਵਾਂਗਾ, ਅਤੇ ਪਤਾਲ ਦੇ ਫਾਟਕਾਂ ਦਾ ਉਸ ਦੇ ਉੱਤੇ ਕੁਝ ਵੀ ਵੱਸ ਨਾ ਚੱਲੇਗਾ।" ਇਹ ਮੱਤੀ:24, 5:24, ਜਾਂ, ਸੰਤ ਯੂਹੰਨਾ 5:24 ਨਾਲ ਬਿਲਕੁੱਲ ਮੇਲ ਖਾਂਦਾ ਹੈ, "ਉਹ ਜੋ ਮੇਰਾ ਵਚਨ ਸੁਣਦਾ, ਅਤੇ ਉਹ ਦੀ ਪਰਤੀਤ ਕਰਦਾ ਹੈ ਜਿੰਨ੍ਹੇ ਮੈਨੂੰ ਘੱਲਿਆ, ਸਦੀਪਕ ਜਿਊਣ ਉਹ ਦਾ ਹੈ; ਅਤੇ ਉਸ ਉੱਤੇ ਸਜਾ ਦਾ ਹੁਕਮ ਨਹੀਂ ਹੁੰਦਾ, ਸਗੋਂ ਮੌਤ ਤੋਂ ਪਾਰ ਲੰਘ ਕੇ ਉਹ ਜਿਊਣ ਵਿੱਚ ਜਾ ਪਹੁੰਚਿਆ ਹੈ।" ਇਹ ਇਸ ਲਈ ਨਹੀਂ ਕਿ ਤੁਸੀਂ ਕੁਝ ਕੀਤਾ ਹੈ, ਜਾਂ ਇਹ ਤੁਹਾਡੀਆਂ ਭਾਵਨਾਵਾਂ ਦੇ ਕਾਰਣ ਨਹੀਂ, ਪਰ ਇਹ ਤੁਹਾਨੂੰ ਖੁਸ਼ਕਿਸਮਤੀ ਮਿਲੀ ਹੈ, ਕਿ ਮਸੀਹ ਤੁਹਾਡੇ ਉੱਤੇ ਸੁਰਗੋਂ ਪ੍ਰਗਟ ਹੋਇਆ ਹੈ, "ਮੈਂ ਇਸ ਪੱਥਰ ਉੱਤੇ ਆਪਣੀ ਕਲੀਸੀਆ ਬਣਾਵਾਂਗਾ।"

35 ਅਤੇ ਫਿਰ, ਯਾਕੂਬ, ਜਦੋਂ ਉਹ ਮਰ ਗਿਆ, ਉਸ ਦੇ ਪੁੱਤਰ ਨੇ ਉਸ ਦੀ ਦੇਹ ਨੂੰ ਚੁੱਕਿਆ, ਅਤੇ ਉਸਨੂੰ ਅਬਰਾਹਾਮ, ਇਸਹਾਕ, ਸਾਰਾਹ, ਅਤੇ ਯਾਕੂਬ, ਦੇ ਲਾਗੇ ਪਵਿੱਤਰ ਧਰਤੀ ਫਲਿਸਤੀਨ ਵਿੱਚ ਦੱਬ ਦਿੱਤਾ।

36 ਫਿਰ, ਯੂਸੁਫ, ਜੋ ਕਿ ਨਬੀ ਸੀ। ਉਹ ਮਿਸਰ ਵਿੱਚ ਉੱਨਤ ਹੋਇਆ। ਉਹ ਪਰਮੇਸ਼ੁਰ ਨੂੰ ਜਾਣਦਾ ਸੀ। ਪਰਮੇਸ਼ੁਰ ਨੇ ਆਪਣੇ ਆਪ ਨੂੰ ਉਸ ਉੱਤੇ ਪ੍ਰਗਟ ਕੀਤਾ ਸੀ। ਅਤੇ ਜਦੋਂ ਉਹ ਮਰਿਆ, ਆਖਿਆ, "ਤੁਸੀਂ ਮੇਰੀਆਂ ਹੱਡੀਆਂ ਨੂੰ ਇੱਥੇ ਨਾ ਦੱਬਿਓ, ਪਰ...ਜਦੋਂ...ਯਕੀਨਨ ਕਿਸੇ ਦਿਨ ਪਰਮੇਸ਼ੁਰ ਤੁਹਾਡੇ ਕੋਲ ਆਵੇਗਾ।" ਕਿਉਂ? ਉਹ ਮੂਸਾ ਨੂੰ ਦਿੱਤੇ ਹੋਏ ਪਰਮੇਸ਼ੁਰ ਦੇ ਉਸ ਵਚਨ ਉੱਤੇ ਤਕੜਾਈ ਨਾਲ ਟਿਕਿਆ ਰਿਹਾ, "ਚਾਰ ਸੌ ਵਰਿਹਾਂ ਤਕ ਉਹ ਉਸ ਕੌਮ

ਦੀ ਟਹਿਲ ਕਰਨਗੇ, ਪਰ ਮੈਂ ਉਹਨਾਂ ਨੂੰ ਬਾਹਰ ਕੱਢ ਲਿਆਵਾਂਗਾ।" ਉਹ ਤਕੜਾਈ ਨਾਲ ਵਚਨ ਉੱਤੇ ਟਿਕਿਆ ਰਿਹਾ।

37 ਅਤੇ ਜੇ ਤੁਸੀਂ ਧਿਆਨ ਦਿਓ, ਤਾਂ ਇੱਥੇ ਇੱਕ ਸੁੰਦਰ ਉਦਾਹਰਨ ਹੈ। ਹਰੇਕ ਇਬਰਾਨੀ ਜਿਹੜਾ ਲਾਗਿਓਂ ਲੰਘਦਾ ਸੀ, ਜਿਸਦੀ ਪਿੱਠ ਨੂੰ ਗੁਲਾਮਾਂ ਨੂੰ ਚਲਾਉਣ ਵਾਲਿਆਂ ਨੇ ਮਾਰ-ਮਾਰ ਕੇ ਗੁਦਾ ਬਣਾ ਦਿੱਤਾ ਹੁੰਦਾ ਸੀ। ਅਤੇ ਜਦੋਂ ਉਹ ਆਪਣੇ ਨਬੀ ਯੂਸਫ਼ ਦੀਆਂ ਹੱਡੀਆਂ ਨੂੰ ਵੇਖਦਾ ਸੀ, ਤਾਂ ਉਹ ਜਾਣ ਲੈਂਦਾ ਸੀ ਕਿ ਕਿਸੇ ਦਿਨ ਉਹ ਬਾਹਰ ਨਿਕਲਣਗੇ। ਕਿਉਂਕਿ, ਇਹ ਹੱਡੀਆਂ ਇੱਕ ਯਾਦਗਿਰੀ ਲਈ ਉੱਥੇ ਰੱਖੀਆਂ ਗਈਆਂ ਸਨ, ਕਿ ਕਿਸੇ ਦਿਨ ਉਹ ਬਾਹਰ ਨਿਕਲਣਗੇ।

38 ਇਸ ਗੱਲ ਨੂੰ ਲੱਗਭਗ ਪੰਦਰਾਂ ਜਾਂ ਅਠਾਰਾਂ ਸਾਲ ਹੋ ਗਏ ਹਨ ਜਦੋਂ ਬਿਲੀ ਪਾਲ, ਪੰਜਾਂ ਸਾਲਾਂ ਦਾ ਛੋਟਾ ਮੁੰਡਾ ਸੀ, ਮੁਸ਼ਕਿਲ ਨਾਲ ਇੰਨ੍ਹਾਂ ਹੀ ਹੋਵੇਗਾ... ਸਾਡੇ ਕੋਲ ਇੱਕ ਛੋਟਾ ਜਿਹਾ ਫੁੱਲ ਸੀ ਜੋ ਅਸੀਂ ਇੱਕ ਸਵੇਰ ਨੂੰ, ਉਸ ਦੀ ਮਾਂ ਦੀ ਕਬਰ ਉੱਤੇ ਲੈ ਕੇ ਜਾ ਰਹੇ ਸੀ, ਈਸਟਰ ਦੇ ਦਿਨ, ਬਸ ਜਦੋਂ ਸੂਰਜ ਚੜ੍ਹ ਰਿਹਾ ਸੀ, ਉੱਪਰ ਆ ਰਿਹਾ ਸੀ; ਜਾਂ ਦਿਨ ਦੀ ਲੋਅ ਤੋਂ ਪਹਿਲਾਂ, ਇਹ ਸੀ, ਫਿਰ ਅਸੀਂ ਸਭਾ ਵਿੱਚ ਜਾਣਾ ਸੀ। ਅਤੇ ਜਿਓਂ ਹੀ ਅਸੀਂ ਕਬਰ ਤਕ ਤੁਰ ਕੇ ਗਏ, ਛੋਟੇ ਬੱਚੇ ਨੇ ਆਪਣੀ ਟੋਪੀ ਉਤਾਰੀ ਜਦੋਂ ਅਸੀਂ ਉਸ ਥਾਂ ਤੇ ਪਹੁੰਚੇ ਜਿੱਥੇ ਉਸ ਦੀ ਛੋਟੀ ਭੈਣ ਅਤੇ ਮਾਂ ਨੂੰ ਦੱਬਿਆ ਗਿਆ ਸੀ। ਅਤੇ ਉਸ ਨੇ ਰੋਣਾ ਸ਼ੁਰੂ ਕਰ ਦਿੱਤਾ, ਅਤੇ ਉਸਨੇ ਆਖਿਆ, "ਡੈਡੀ, ਕੀ ਮਾਂ ਹੇਠਾਂ ਟੋਏ ਵਿੱਚ ਹੈ?"

39 ਮੈਂ ਕਿਹਾ, "ਨਹੀਂ, ਪੁੱਤਰ। ਉਹ ਇੱਥੇ ਹੇਠਾਂ ਟੋਏ ਵਿੱਚ ਨਹੀਂ ਹੈ। ਉਹ ਮੇਰੇ ਅਤੇ ਤੇਰੇ ਨਾਲੋਂ ਲੱਖਾਂ ਗੁਣਾਂ ਚੰਗੀ ਥਾਂ ਤੇ ਹੈ।"

ਉਸਨੇ ਕਿਹਾ, "ਕੀ ਮੈਂ ਦੁਬਾਰਾ ਮਾਂ ਨੂੰ ਵੇਖਾਂਗਾ?"

40 ਮੈਂ ਕਿਹਾ, "ਪਰਮੇਸ਼ੁਰ ਦੀ ਕਿਰਪਾ ਰਾਹੀਂ, ਜੇ ਤੂੰ ਚਾਹੁੰਦਾ ਹੈਂ, ਤਾਂ ਤੂੰ ਉਸ ਨੂੰ ਦੁਬਾਰਾ ਵੇਖ ਸਕਦਾ ਹੈਂ।"

ਕਿਹਾ, "ਕੀ ਉਸਦਾ ਸ਼ਰੀਰ ਕਦੇ ਕਬਰ ਵਿੱਚੋਂ ਬਾਹਰ ਆਵੇਗਾ?"

41 ਮੈਂ ਕਿਹਾ, "ਪਿਆਰੇ, ਆਪਣੀਆਂ ਅੱਖਾਂ ਨੂੰ ਬੰਦ ਕਰ ਲੈ, ਅਤੇ ਮੈਂ ਤੈਨੂੰ ਇੱਕ ਛੋਟੀ ਜਿਹੀ ਕਹਾਣੀ ਸੁਣਾਉਂਦਾ ਹਾਂ। ਕਈ ਸੌ ਸਾਲ ਪਹਿਲਾਂ, ਇੱਕ ਸਵੇਰ, ਇੱਕ ਕਬਰ ਸੀ ਜਿਹੜੀ ਖਾਲੀ ਹੋ ਗਈ ਸੀ।" ਮੈਂ ਕਿਹਾ, "ਇਹ ਇੱਕ ਯਾਦਗਾਰ ਹੈ ਕਿ 'ਉਹ ਲੋਕ ਜਿਹੜੇ ਪ੍ਰਭੂ ਵਿੱਚ ਹੋ ਕੇ ਸੌਂਦੇ ਹਨ, ਜਦੋਂ ਮਸੀਹ ਆਵੇਗਾ ਤਾ ਉਹ ਉਹਨਾਂ ਨੂੰ ਆਪਣੇ ਨਾਲ ਲੈ ਕੇ ਆਵੇਗਾ।'" ਬਿਨਾਂ

ਕਿਸੇ ਸ਼ੱਕ ਦੇ, ਮੈਂ ਦ੍ਰਿੜਤਾ ਨਾਲ ਪਰਮੇਸ਼ੁਰ ਦੇ ਸਦੀਪਕ ਵਾਅਦੇ ਉੱਤੇ ਖੜਾ ਹਾਂ!

42 ਜਿਸ ਤਰ੍ਹਾਂ ਕਿ ਪੁਰਾਣੇ ਨੇਮ ਦੇ ਅੱਯੂਬ, ਨੇ ਕਿਹਾ, "ਜਦੋਂ ਅਸੀਂ ਖਾਕ ਨੂੰ ਖਾਕ, ਅਤੇ ਮਿੱਟੀ ਨੂੰ ਮਿੱਟੀ," ਸ਼ਬਦ ਸੁਣਦੇ ਹਾਂ, ਇਹ ਮੈਨੂੰ ਲੌਂਗਫੈਲੋ ਦੀ ਯਾਦ ਦਿਵਾਉਂਦਾ ਹੈ, ਜਿਸ ਨੇ ਆਖਿਆ ਸੀ:

> ਦੁੱਖਦਾਇਕ ਸੰਖਿਆਵਾਂ ਵਿੱਚ, ਮੈਨੂੰ ਨਾ ਦੱਸੋ,
> ਜੀਵਨ ਬਸ ਇੱਕ ਖਾਲੀ ਸੁਪਨਾ ਹੈ!
> ਅਤੇ ਪ੍ਰਾਣ ਜੋ ਸੌਂਦਾ ਹੈ ਮਰਿਆ ਹੋਇਆ ਹੈ,
> ਅਤੇ ਚੀਜਾਂ ਅਜਿਹੀਆਂ ਨਹੀਂ ਹਨ ਜਿਵੇਂ ਕਿ ਉਹ ਵਿਖਾਈ ਦਿੰਦੀਆਂ ਹਨ।

ਉਸਨੇ ਕਿਹਾ:

> ਹਾਂ, ਜੀਵਨ ਅਸਲੀਅਤ ਹੈ! ਜੀਵਨ ਬਹੁਮੁੱਲਾ ਹੈ!
> ਅਤੇ ਕਬਰ ਇਸ ਦੀ ਮੰਜਿਲ ਨਹੀਂ ਹੈ;
> ਕਿਉਂ ਜੋ ਤੂੰ ਮਿੱਟੀ ਹੈਂ, ਤੂੰ ਮਿੱਟੀ ਵਿੱਚ ਹੀ ਵਾਪਸ ਜਾਣਾ ਹੈਂ,
> ਇਹ ਗੱਲ ਰੂਹ ਲਈ ਨਹੀਂ ਆਖੀ ਗਈ ਸੀ।

43 ਉਹ ਇਸ ਨੂੰ ਸਵਰਗੀ ਸ਼ਰੀਰ ਆਖਦੇ ਹਨ, ਕਿ ਜਦੋਂ ਅਸੀਂ ਇੱਥੋਂ ਜਾਂਦੇ ਹਾਂ ਤਾਂ ਅਸੀਂ ਕਿਤੇ ਹੋਰ ਚਲੇ ਜਾਂਦੇ ਹਾਂ। ਚਾਹੇ ਇਹ ਕੁਝ ਵੀ ਹੋਵੇ, ਮੈਂ ਰਸੂਲ ਦੇ ਸ਼ਬਦਾਂ ਨੂੰ ਲੈਂਦਾ ਹਾਂ, ਜਦੋਂ ਉਸਨੇ ਆਖਿਆ, "ਜੇ ਸਾਡਾ ਤੰਬੂ ਜਿਹਾ ਘਰ ਜਿਹੜਾ ਧਰਤੀ ਤੇ ਹੈ ਢਹਿ ਪਵੇਗਾ, ਤਾਂ ਸਾਡੇ ਕੋਲ ਇੱਕ ਘਰ ਹੈ ਜੋ ਸਾਡੀ ਉਡੀਕ ਕਰ ਰਿਹਾ ਹੈ, ਅਸੀਂ *ਇਸ* ਤੋਂ ਉਸ ਵਿੱਚ ਚਲੇ ਜਾਵਾਂਗੇ।"

44 ਅਬਰਾਹਾਮ, ਇਸਹਾਕ, ਯਾਕੂਬ, ਅੱਯੂਬ ਅਤੇ ਸਾਰੇ ਨਬੀ, ਉਹ ਇਸ ਗੱਲ ਉੱਤੇ ਭਰੋਸਾ ਰੱਖਦੇ ਸਨ ਅਤੇ ਵਿਸ਼ਵਾਸ ਕਰਦੇ ਸਨ ਕਿ ਇੱਕ ਪੁਨਰਉਥਾਨ ਹੋਣ ਵਾਲਾ ਸੀ, ਇੱਕ ਛੁਡਾਉਣ ਵਾਲਾ ਆਉਣ ਵਾਲਾ ਸੀ। ਉਹਨਾਂ ਨੇ ਉਸ ਬਾਰੇ ਭਵਿੱਖਬਾਣੀ ਕੀਤੀ ਸੀ। ਹਨੋਕ ਨੇ ਉਸ ਬਾਰੇ ਭਵਿੱਖਵਾਣੀ ਕੀਤੀ; ਉਸ ਤੇ ਪੂਰੀ ਤਰ੍ਹਾਂ ਵਿਸ਼ਵਾਸ ਰੱਖਿਆ ਅਤੇ ਆਪਣੀ ਗਵਾਹੀ ਨੂੰ ਇਸ ਨਾਲ ਮੋਹਰ ਲਗਾਈ। ਇਸਹਾਕ, ਯਾਕੂਬ, ਦਾਨੀਏਲ, ਯਿਰਮਿਯਾਹ, ਹਿਜਕੀਏਲ, ਉਹ ਸਾਰੇ ਸੰਜੀਦਗੀ ਨਾਲ ਉਸ ਸਮੇਂ ਦੀ ਇੰਤਜਾਰ ਕਰ ਰਹੇ ਸਨ ਜਦੋਂ ਮਸੀਹਾ ਨੇ ਆਉਣਾ ਸੀ।

45 ਅਤੇ ਉਹ ਮਰ ਗਏ ਅਤੇ ਉਹਨਾਂ ਦੇ ਪ੍ਰਾਣ ਫਿਰਦੌਸ ਵਿੱਚ ਚਲੇ ਗਏ। ਉਹ ਪਰਮੇਸ਼ੁਰ ਦੀ ਹਜ਼ੂਰੀ ਵਿੱਚ ਨਹੀਂ ਜਾ ਸਕੇ, ਕਿਉਂਕਿ (ਜਿਵੇਂ ਅਸੀਂ ਇਸਨੂੰ

ਕੱਲ੍ਹ ਰਾਤ ਵੇਖਿਆ ਸੀ) ਕਿ ਬਲਦਾਂ ਅਤੇ ਬਕਰਿਆਂ ਦੇ ਲਹੂ ਪਾਪ ਮਾਫ ਨਹੀਂ ਕਰ ਸਕਦੇ ਸਨ; ਉਹ ਕੇਵਲ ਪਾਪਾਂ ਨੂੰ ਢੱਕਦੇ ਸਨ, ਉਸ ਦਿਨ ਦੀ ਗੱਲ ਕਰਦਾ ਸੀ ਜਦੋਂ ਸੰਪੂਰਣ ਬਲਿਦਾਨ ਆਵੇਗਾ; ਕਿਉਂਕਿ ਪਸ਼ੂ ਦਾ ਲਹੂ ਭਗਤੀ ਕਰਨ ਵਾਲੇ ਦੇ ਉੱਤੇ ਨਹੀਂ ਆ ਸਕਦਾ ਸੀ, ਨਹੀਂ ਤਾਂ ਉਹ ਉਸ ਤਰ੍ਹਾਂ ਦੇ ਬਲੀਆਂ ਨੂੰ ਅਰਪਣ ਕਰਨਾ ਬੰਦ ਕਰ ਦਿੰਦਾ।

46 ਪਰ ਜਦੋਂ ਪਰਮੇਸ਼ੁਰ ਦਾ ਪੁੱਤਰ ਮਰਿਆ, ਉਸ ਵਿੱਚ ਜੋ ਜੀਵਨ ਸੀ, ਉਹ ਹੋਰ ਕੋਈ ਨਹੀਂ ਸਗੋਂ ਖੁਦ ਪਰਮੇਸ਼ੁਰ ਸੀ, ਤਾਂ ਕਿ ਉਹ ਵਾਪਸ ਆ ਸਕੇ ਅਤੇ ਪਰਮੇਸ਼ੁਰ ਦੇ ਪਰਿਵਾਰ ਵਿੱਚ ਸਾਡਾ ਲੇਪਾਲਕਪਨ ਕਰ ਸਕੇ। ਅਤੇ ਹੁਣ ਅਸੀਂ ਉਸਦੇ ਲਹੂ ਦੇ ਜੀਵਨ ਰਾਹੀਂ, ਪਰਮੇਸ਼ੁਰ ਦੀ ਸੰਤਾਨ ਹਾਂ।

47 ਹੁਣ ਛੇਤੀ ਨਾਲ ਧਿਆਨ ਦਿਓ, ਜਦੋਂ ਕਿ ਅਸੀਂ ਇਸਨੂੰ ਵੇਖ ਰਹੇ ਹਾਂ। ਜਦੋਂ ਪਿੱਛੇ ਪੁਰਾਣੇ ਨੇਮ ਵਿੱਚ, ਅਤੇ ਜਿਨ੍ਹਾਂ ਨੇ ਨਿਹਚਾ ਕੀਤੀ ਅਤੇ ਭਗਤੀ ਕੀਤੀ, ਅਤੇ ਉਸ ਸਮੇਂ ਦੀ ਉਡੀਕ ਕਰਦੇ ਹੋਏ ਨਿਹਚਾ ਵਿੱਚ ਮਰ ਗਏ, ਉਹ ਕਾਰਣ ਜਿਸ ਲਈ ਉਹਨਾਂ ਨਬੀਆਂ ਨੇ ਇਹ ਕੀਤਾ, ਉਹ ਚਾਹੁੰਦੇ ਸਨ ਕਿ ਉਹਨਾਂ ਨੂੰ ਫਲਿਸਤੀਨ ਵਿੱਚ ਦਫ਼ਨਾਇਆ ਜਾਵੇ, ਉਹ ਜਾਣਦੇ ਸਨ ਕਿ ਪੁਨਰ-ਉਥਾਨ ਮਿਸਰ ਵਿੱਚ ਨਹੀਂ ਹੋਵੇਗਾ। ਇਹ ਸਿਰਫ਼ ਫਲਸਤੀਨ ਵਿੱਚ ਹੀ ਹੋਣਾ ਸੀ।

48 ਇਸੇ ਕਰਕੇ ਮੈਂ ਅੱਜ ਰਾਤ ਕਹਿ ਰਿਹਾ ਹਾਂ: ਮੈਨੂੰ ਉਹਨਾਂ ਤਰ੍ਹਾਂ ਦੇ ਨਾਮ ਦਿੱਤੇ ਗਏ ਹਨ; ਮੈਂ ਪਰਵਾਹ ਨਹੀਂ ਕਰਦਾ ਕਿ ਲੋਕ ਮੈਨੂੰ ਕੀ ਆਖਦੇ ਹਨ, ਇਹ ਮੇਰੇ ਲਈ ਕੋਈ ਮਾਇਨੇ ਨਹੀਂ ਰੱਖਦਾ। ਸਿਰਫ਼ ਇੱਕੋ ਹੀ ਗੱਲ ਹੈ ਜੋ ਮੈਂ ਕਰਨੀ ਚਾਹੁੰਦਾ ਹਾਂ, ਕਿ ਮੈਂ ਇਹ ਜਾਣ ਲਵਾਂ: ਕਿ ਮੈਂ ਮਰ ਚੁੱਕਾ ਹਾਂ, ਅਤੇ ਮੇਰਾ ਜੀਵਨ ਪਰਮੇਸ਼ੁਰ ਰਾਹੀਂ, ਮਸੀਹ ਵਿੱਚ ਲੁਕਿਆ ਹੋਇਆ ਹੈ, ਅਤੇ ਪਵਿੱਤਰ ਆਤਮਾਂ ਰਾਹੀਂ ਮੁਹਰਬੰਦ ਕੀਤਾ ਹੋਇਆ ਹੈ; ਤਾਂ ਜਦੋਂ ਉਹ ਮਰਿਆਂ ਹੋਇਆਂ ਵਿੱਚੋਂ ਬੁਲਾਵੇਗਾ, ਮੈਂ ਉਸ ਦਿਨ ਜਵਾਬ ਦਿਆਂਗਾ। ਮੈਨੂੰ ਮਸੀਹ ਵਿੱਚ ਦਫ਼ਨਾਇਓ, ਕਿਉਂਕਿ ਜੋ ਮਸੀਹ ਵਿੱਚ ਹਨ, ਉਹਨਾਂ ਨੂੰ ਪਰਮੇਸ਼ੁਰ ਉਸ ਦਿਨ ਆਪਣੇ ਨਾਲ ਲਿਆਵੇਗਾ।

49 ਅਸੀਂ ਮਸੀਹ ਵਿੱਚ ਕਿਵੇਂ ਆਉਂਦੇ ਹਾਂ? ਪਹਿਲਾ ਕੁਰਿੰਥੀਆਂ 12:13, "ਅਸਾਂ ਸਭਨਾਂ ਨੂੰ ਇੱਕ ਸ਼ਰੀਰ ਬਣਨ ਲਈ ਇੱਕੋ ਹੀ ਆਤਮਾ ਰਾਹੀਂ ਬਪਤਿਸਮਾ ਦਿੱਤਾ ਗਿਆ, ਅਤੇ ਪਰਮੇਸ਼ੁਰ ਦੇ ਰਾਜ ਦੇ ਸਾਥੀ ਨਾਗਰਿਕ ਬਣ ਗਏ ਹਾਂ।" ਅਸੀਂ ਇਸ ਧਰਤੀ ਉੱਤੇ ਯਾਤਰੀ ਅਤੇ ਪਰਦੇਸੀ ਹੋਣ ਦਾ ਦਾਵਾ ਕਰਦੇ ਹਾਂ, ਹੁਣ ਦੁਨਿਆਵੀ ਚੀਜਾਂ ਦੀ ਹੋਰ ਜਿਆਦਾ, ਖੋਜ ਨਹੀਂ ਕਰਦੇ, ਪਰ ਉਸ ਮੁਬਾਰਕ ਪਾਤਸ਼ਾਹ ਦੇ ਆਉਣ ਦੀ ਉਡੀਕ ਕਰ ਰਹੇ ਹਾਂ

ਕਿ ਉਹ ਅਧਿਕਾਰ ਨੂੰ ਲੈ ਲਵੇ, ਸਮੁੰਦਰ ਤੋਂ ਅਸੀਮਿਤ ਸਮੁੰਦਰ ਤਕ, ਜਦੋਂ ਉਹ ਆਪਣੀ ਮਹਿਮਾ ਵਿੱਚ ਆਵੇਗਾ। ਯਕੀਨਨ, ਅਸੀਂ ਉਸ ਦੀ ਆਮਦ ਦੀ ਉਡੀਕ ਕਰ ਰਹੇ ਹਾਂ।

50 ਅਤੇ ਮੇਰੇ ਮਨ ਵਿੱਚ ਕੋਈ ਸੰਦੇਹ ਨਹੀਂ, ਪਰ ਇਹ ਉਹੀ ਗੱਲ ਹੈ ਜਿਹੜੀ ਯਿਸੂ ਦੇ ਮਨ ਵਿੱਚ ਸੀ ਜਦੋਂ ਉਹ ਧਰਤੀ ਉੱਤੇ ਸੀ, ਉਹ ਸੀ ਪਰਮੇਸ਼ੁਰ ਦੇ ਵਚਨ ਦਾ ਕਦੇ ਨਾ ਟਲਣ ਦਾ ਗੁਣ। ਕਿਉਂਕਿ, ਅਸੀਂ ਜਾਣਦੇ ਹਾਂ ਕਿ ਪਰਮੇਸ਼ੁਰਤਾਈ ਦੀ ਸਾਰੀ ਭਰਪੂਰੀ ਉਸ ਵਿੱਚ ਵਾਸ ਕਰਦੀ ਸੀ। ਸੰਪੂਰਨ ਪਰਮੇਸ਼ੁਰਤਾਈ ਉਸ ਵਿੱਚ ਸੀ। ਉਹ ਪਿਤਾ, ਪੁੱਤਰ, ਅਤੇ ਪਵਿੱਤਰ ਆਤਮਾ, ਤਿੰਨੇ ਹੀ ਸੀ, ਪਰ ਉਸ ਨੇ ਮਨੁੱਖੀ ਰੂਪ ਵਿੱਚ ਵਾਸ ਕੀਤਾ; ਪਰਮੇਸ਼ੁਰ ਦੇ ਥਿਓਫਨੀ, ਪਰਮੇਸ਼ੁਰ ਦਾ ਉਹ ਮਹਾਨ ਸਰੂਪ ਜਿਸ ਵਿੱਚ ਉਸ ਨੇ ਮਨੁੱਖ ਨੂੰ ਬਣਾਇਆ, ਅਤੇ ਫਿਰ ਉਸ ਨੂੰ ਧਰਤੀ ਉੱਤੇ ਰੱਖ ਦਿੱਤਾ। ਉਸ ਦੇ ਕੋਲ ਇੱਕ ਸ਼ਰੀਰ ਸੀ। ਪਰਮੇਸ਼ੁਰ ਬਿਨਾਂ ਸ਼ਰੀਰ ਦੇ ਨਹੀਂ ਹੈ। ਪਰਮੇਸ਼ੁਰ ਦੇ ਕੋਲ ਇੱਕ ਸ਼ਰੀਰ ਹੈ, ਅਤੇ ਉਹ ਇੱਕ ਮਨੁੱਖ ਵਰਗਾ ਵਿਖਾਈ ਦਿੰਦਾ ਹੈ। ਮੂਸਾ ਨੇ ਉਸਨੂੰ ਵੇਖਿਆ ਸੀ, ਹੋਰਨਾਂ ਨੇ ਉਸਨੂੰ ਵੇਖਿਆ ਸੀ, ਅਤੇ ਉਹ ਇੱਕ ਆਦਮੀ ਵਰਗਾ ਵਿਖਾਈ ਦਿੰਦਾ ਹੈ।

51 ਅਤੇ ਇਹ ਤਾਂ ਬਸ ਉਸਦੀ ਛਾਪ ਹੈ, *ਇਹ* ਹੈ, ਜੋ ਉਹ ਹੈ। ਅਤੇ ਧਰਤੀ ਉੱਤੇ ਹਰੇਕ ਚੀਜ, ਸੁੰਦਰਤਾ, ਮਿਠਾਸ, ਧਰਤੀ ਦੀ ਸੁੰਦਰਤਾ, ਸੰਸਾਰ ਵਿੱਚ ਇਹ ਕੁਝ ਹੋਰ ਨਹੀਂ ਪਰ ਉਸਦਾ ਜਵਾਬ ਹੈ ਜੋ ਇਸ ਸੰਸਾਰ ਨਾਲੋਂ ਕਿਤੇ ਬੇਹਤਰ ਹੈ, ਜਦੋਂ ਅਸੀਂ ਇਸ ਧਰਤੀ ਨੂੰ ਛੱਡਦੇ ਹਾਂ ਤਾਂ ਉਹ ਸਾਡੀ ਉਡੀਕ ਕਰ ਰਿਹਾ ਹੈ। ਕਿਉਂਕਿ, ਧਰਤੀ ਦੀ ਹਰੇਕ ਚੀਜ ਉਸ ਚੀਜ ਦਾ ਨਮੂਨਾ ਹੈ ਜੋ ਸੁਰਗ ਵਿੱਚ ਹੈ। ਹਰੇਕ ਚੀਜ ਜਿਹੜੀ ਵਧੀਆ ਹੈ, ਹਰੇਕ ਚੀਜ ਜਿਹੜੀ ਧਾਰਮਿਕ ਹੈ, ਹਰੇਕ ਚੀਜ ਜਿਹੜੀ ਸੋਹਣੀ ਹੈ, ਰੁੱਖ, ਪੰਛੀ, ਹਰੇਕ ਚੀਜ, ਉਸ ਚੀਜ ਦੇ ਨਮੂਨੇ ਤੇ ਹੈ ਜੋ ਸੁਰਗ ਵਿੱਚ ਹੈ।

52 ਸਾਡਾ ਆਪਣਾ ਜੀਵਨ ਵੀ ਕੇਵਲ ਇੱਕ ਨਮੂਨਾ ਹੈ। ਇਹ ਬਸ ਇੱਕ ਪਰਛਾਵਾਂ ਹੈ, ਅਤੇ ਇਹ ਅਸਲੀ ਚੀਜ ਨਹੀਂ। ਇੱਕ ਨਕਾਰਾਤਮਕ ਪਾਸਾ ਹੈ। ਤਸਵੀਰ ਨੂੰ ਬਣਾਉਣ ਲਈ ਮਰਨਾ ਪੈਂਦਾ ਹੈ, ਸਾਨੂੰ ਮੁੜ ਉਸ ਥਿਓਫਨੀ ਵਿੱਚ ਰੱਖਣ ਲਈ ਜਿਸ ਵਿੱਚੋਂ ਅਸੀਂ ਆਏ ਹਾਂ। ਤਦ ਜੀ ਉਠਣ ਰਾਹੀਂ ਅਸੀਂ ਉਸ ਦੀ ਸਮਾਨਤਾ ਵਿੱਚ ਆਉਂਦੇ ਹਾਂ, ਜੀ ਉੱਠੀ ਦੇਹ। ਕਿੰਨ੍ਹੀ ਸੋਹਣੀ ਤਸਵੀਰ ਹੈ; ਸੋਹਣੀ ਹੀ ਨਹੀਂ, ਪਰ ਇਹ ਅਸਲੀ ਹੈ, ਇਹ ਪਰਮੇਸ਼ੁਰ ਦੇ ਵਚਨ ਦੀ ਗੰਭੀਰ ਸੱਚਾਈ ਹੈ, ਕਿ ਅਸੀਂ ਉਸ ਦੇ ਸਮਾਨ ਹੋਵਾਂਗੇ।

53 ਹੁਣ ਧਿਆਨ ਦਿਓ, ਯਿਸੂ, ਪਰਮੇਸ਼ੁਰ ਦੀਆਂ ਸਾਰੀਆਂ ਸ਼ਕਤੀਆਂ ਨਾਲ

ਭਰਿਆ ਹੋਇਆ ਸੀ, ਪਰ, ਜਦੋਂ ਉਸਦਾ ਟਾਕਰਾ ਸ਼ੈਤਾਨ ਨਾਲ ਹੋਇਆ, ਤਾਂ ਉਸ ਨੇ ਕਦੇ ਵੀ ਆਪਣੀ ਕਿਸੇ ਵੀ ਸ਼ਕਤੀ ਦੀ ਵਰਤੋਂ ਨਹੀਂ ਕੀਤੀ। ਉਸਨੇ ਕੇਵਲ ਵਚਨ ਦਾ ਹਵਾਲਾ ਦਿੱਤਾ! ਉਸ ਨੇ ਅਜਿਹਾ ਹੀ ਕੀਤਾ। ਉਸਨੇ ਆਖਿਆ, "ਇਹ ਲਿਖਿਆ ਹੋਇਆ ਹੈ, 'ਮਨੁੱਖ ਨਿਰਾ ਰੋਟੀ ਨਾਲ ਹੀ ਨਹੀਂ ਜਿਉਂਦਾ ਰਹੇਗਾ, ਪਰ ਹਰੇਕ ਉਸ ਵਚਨ ਨਾਲ ਜੋ ਪਰਮੇਸ਼ੁਰ ਦੇ ਮੂੰਹੋਂ ਨਿਕਲਦਾ ਹੈ।'"

54 ਤਾਂ ਫਿਰ ਤੁਸੀਂ ਇਹ ਕਿਵੇਂ ਆਖ ਸਕਦੇ ਹੋ ਕਿ ਤੁਸੀਂ ਘਰ ਰਹਿ ਕੇ ਵੀ ਉਸੇ ਹੀ ਤਰ੍ਹਾਂ ਦੇ ਵਧੀਆ ਮਸੀਹੀ ਬਣੇ ਰਹਿ ਸਕਦੇ ਹੋ ਜਿੰਨ੍ਹੇ ਕਿ ਤੁਸੀਂ ਚਰਚ ਜਾ ਕੇ ਬਣਦੇ ਹੋ? ਤੁਸੀਂ ਅਜਿਹਾ ਨਹੀਂ ਕਰ ਸਕਦੇ। ਵਚਨ ਨੂੰ ਪੜ੍ਹੋ! ਪਵਿੱਤਰ ਆਤਮਾ ਵਚਨ ਤੋਂ ਖਾਂਦਾ ਹੈ। ਬਾਈਬਲ ਪਰਮੇਸ਼ੁਰ ਦੀ ਕਲੀਸਿਯਾ ਦੀ ਆਤਮਿਕ ਖੁਰਾਕ ਹੈ। ਅਤੇ ਪਵਿੱਤਰ ਆਤਮਾ ਹੀ ਹੈ ਜੋ ਵਚਨ ਨੂੰ ਤੁਹਾਡੇ ਕੋਲ ਲੈ ਕੇ ਆਉਂਦਾ ਹੈ ਅਤੇ ਉਸ ਨੂੰ ਤੁਹਾਡੇ ਦਿਲ ਵਿੱਚ ਰੱਖਦਾ ਹੈ, ਅਤੇ ਤੁਸੀਂ ਧੰਨਵਾਦ ਸਹਿਤ ਉਸਨੂੰ ਪਾਣੀ ਦਿੰਦੇ ਹੋ। ਅਤੇ ਹਰੇਕ ਰੱਬੀ ਵਾਦਾ ਬਿਲਕੁਲ ਉਸੇ ਹੀ ਚੀਜ ਨੂੰ ਪੈਦਾ ਕਰੇਗਾ ਜੋ ਵੀ ਪਰਮੇਸ਼ੁਰ ਕਿਹਾ ਸੀ ਕਿ ਇਹ ਕਰੇਗਾ। ਉਸਨੇ ਅਜਿਹਾ ਹੀ ਕਰਨਾ ਹੈ। ਇਹ ਉਸਦਾ ਵਚਨ ਹੈ, ਅਤੇ ਇਹ ਜੀਵਨ ਹੈ।

55 ਹੁਣ, ਮੈਂ ਭੁੱਲ ਹੀ ਗਿਆ ਸੀ ਕਿ ਮੈਂ ਅੱਧਾ ਘੰਟਾ ਹੀ ਲੈਣਾ ਸੀ। ਮੈਨੂੰ ਉਹ ਗੱਲ ਕਹਿਣ ਬਹੁਤ ਸਮਾਂ ਲਗ ਜਾਣਦਾ ਹੈ ਜੋ ਮੈਂ ਕਹਿਣੀ ਹੁੰਦੀ ਹੈ।

56 ਪਰ ਯਿਸੂ ਦੇ ਜੀਵਨ ਦੇ ਆਖਰੀ ਇੱਕ, ਜਾਂ ਦੋ, ਘੰਟਿਆਂ ਉੱਤੇ ਧਿਆਨ ਦਿਓ, ਬਹੁਤ, ਬਹੁਤ ਸਾਰੀਆਂ ਭਵਿਖਬਾਣੀਆਂ ਪੂਰੀਆਂ ਹੋਈਆਂ ਸਨ।

57 ਕਿਸੇ ਨੇ ਮੈਨੂੰ ਆਖਿਆ, "ਭਾਈ ਬ੍ਰਨਹਾਮ, *ਇਹ* ਗੱਲ ਹੋਣੀ ਚਾਹੀਦੀ ਹੈ, *ਉਹ* ਗੱਲ ਹੋਣੀ ਚਾਹੀਦੀ ਹੈ।"

ਮੈਂ ਕਿਹਾ, "ਇਹ ਇੱਕ ਹੀ ਘੰਟੇ ਵਿੱਚ ਹੋ ਸਕਦਾ ਹੈ।"

58 ਜੇਕਰ ਤੁਸੀਂ 22ਵਾਂ ਜਬੂਰ ਪੜ੍ਹੋ, ਅਤੇ ਉਸ ਦੀ ਮੌਤ ਦੀ ਘੜੀ ਨੂੰ ਸਲੀਬ ਉੱਤੇ ਵੇਖੋ, ਮੈਂ ਹੁਣ ਭੁੱਲ ਗਿਆ ਹਾਂ ਕਿ ਕਿ ਉਸ ਦੀ ਜ਼ਿੰਦਗੀ ਦੇ ਆਖਰੀ ਦੋ ਜਾਂ ਤਿੰਨ ਘੰਟਿਆਂ ਵਿੱਚ ਕਿੰਨੀ ਮਹੱਤਵਪੂਰਨ ਭਵਿੱਖਵਾਣੀਆਂ ਪੂਰੀਆਂ ਹੋਈਆਂ ਸਨ! ਯਕੀਨਨ, "ਉਹਨਾਂ ਨੇ ਮੇਰੇ ਹੱਥ ਪੈਰ ਵਿੰਨ੍ਹ ਸੁੱਟੇ ਹਨ। ਹੇ ਮੇਰੇ ਪਰਮੇਸ਼ਵਰ, ਮੇਰੇ ਪਰਮੇਸ਼ਵਰ, ਤੂੰ ਮੈਨੂੰ ਕਿਉਂ ਛੱਡ ਦਿੱਤਾ ਹੈ?" ਅਤੇ ਆਦਿ ਆਦਿ, ਜਿਵੇਂ ਕਿ ਦਾਉਦ ਨੇ ਪੁਕਾਰਿਆ ਸੀ।

59 ਅਤੇ ਤਦ ਇੱਕ ਹੋਰ ਗੱਲ ਹੈ ਜਿਸ ਉੱਤੇ ਮੈਂ ਚਾਹੁੰਦਾ ਹਾਂ ਕਿ ਤੁਸੀਂ ਧਿਆਨ ਦਿਓ, ਉਹ ਹੈ ਸੱਚਾਈ, ਪਰਮੇਸ਼ੁਰ ਦੇ ਵਚਨ ਦਾ ਅਟੱਲ ਹੋਣਾ। ਬਾਈਬਲ ਨੇ ਆਖਿਆ, "ਉਹ ਉਸਦੀਆਂ ਸਾਰੀਆਂ ਹੱਡੀਆਂ ਦਾ ਰਾਖਾ ਹੈ, ਉਹਨਾਂ ਵਿੱਚੋਂ

ਇੱਕ ਵੀ ਤੋੜੀ ਨਹੀਂ ਜਾਂਦੀ।” ਨਮੂਨੇ ਦੇ ਤੌਰ ਤੇ, ਪਸਾਹ ਦਾ ਲੇਲਾ ਉਸ ਦਾ ਨਮੂਨਾ ਸੀ। ਲੇਲਾ ਬੱਜ ਤੋਂ ਰਹਿਤ ਹੋਵੇ, ਲੇਲੇ ਦੀ ਕੋਈ ਹੱਡੀ ਟੁੱਟੀ ਹੋਈ ਨਾ ਹੋਵੇ। ਅਤੇ ਉਸ ਘੜੀ ਜਦੋਂ ਉਹ...ਜਦੋਂ ਉਹ ਹੱਥੋੜੇ ਨਾਲ ਉਸ ਦੀਆਂ ਲੱਤਾਂ ਤੋੜਨ ਗਏ ਤਾਂ ਉਸ ਦੀ ਮੌਤ ਹੋ ਚੁੱਕੀ ਸੀ। ਠੀਕ ਬਿਲਕੁੱਲ ਪਹਿਲਾਂ... ਉਸ ਬਹੁਤ ਜਿਆਦਾ ਗੰਭੀਰ ਘੜੀ ਵੱਲ ਵੇਖੋ! ਇੱਕ ਆਦਮੀ ਹਥੋੜਾ ਲੈ ਕੇ ਉਸ ਦੀਆਂ ਹੱਡੀਆਂ ਤੋੜਨ ਲਈ ਤਿਆਰ ਸੀ, ਪਰ ਪਰਮੇਸ਼ੁਰ ਦੇ ਵਚਨ ਨੇ ਆਖਿਆ ਸੀ, “ਉਸ ਦੇ ਸ਼ਰੀਰ ਦੀ ਕੋਈ ਵੀ ਹੱਡੀ ਤੋੜੀ ਨਹੀਂ ਜਾਵੇਗੀ।”

“ਇਹ ਕਿਸ ਤਰ੍ਹਾਂ ਹੋਣ ਜਾ ਰਿਹਾ ਹੈ?” ਅਸੀਂ ਜਲਦੀ ਕਰਦੇ ਹਾਂ।

60 ਪਰਮੇਸ਼ੁਰ ਦਾ ਵਚਨ ਸਦੀਪਕ ਹੈ! ਜੇ ਪਰਮੇਸ਼ੁਰ ਦਾ ਵਚਨ ਇਨਾਂ ਸਿੱਧ ਹੈ, ਤਾਂ ਫਿਰ ਜੋ ਮਸੀਹ ਵਿੱਚ ਹਨ ਉਹਨਾਂ ਦਾ ਜੀ ਉਠਣਾ ਉਸੇ ਹੀ ਤਰ੍ਹਾਂ ਯਕੀਨਨ ਹੈ ਜਿੰਨਾ ਪੁਨਰ-ਉਥਾਨ ਯਕੀਨਨ ਹੈ। ਪਰਏਮੇਸ਼ੁਰ ਤੁਹਾਨੂੰ ਚੰਗਾਈ ਦੇਣ ਲਈ ਆਪਣੇ ਵਚਨ ਦਾ ਉਸੇ ਤਰ੍ਹਾਂ ਹੀ ਪਾਬੰਦ ਹੈ ਜਿਸ ਤਰ੍ਹਾਂ ਕਿ ਉਹ ਤੁਹਾਨੂੰ ਮੁਕਤੀ ਦੇਣ ਲਈ ਪਾਬੰਦ ਹੈ। ਕਿਉਂਕਿ, ਉਹ, ਉਸਦੇ ਵਚਨ ਨੇ ਇਸ ਦਾ ਵਾਦਾ ਕੀਤਾ ਹੈ। ਇਹ ਪਰਮੇਸ਼ੁਰ ਦਾ ਵਚਨ ਹੈ, ਅਤੇ ਸਾਨੂੰ ਕੋਈ ਹੱਕ ਨਹੀਂ ਹੈ ਕਿ ਅਸੀਂ ਇਸ ਵਿੱਚੋਂ ਕੁਝ ਕੱਢੀਏ। ਪਰ ਬਸ ਇਹ ਆਖੋ, “ਇਹ ਸੱਚਾਈ ਹੈ।” ਇਸ ਉੱਤੇ ਨਿਹਚਾ ਕਰੋ! ਕੋਈ ਪਰਵਾਹ ਨਾ ਕਰੋ ਕਿ ਕੀ ਵਾਪਰਦਾ ਹੈ, ਹਰੇਕ ਹਾਲਾਤ ਵਿੱਚ, ਨਿਹਚਾ ਕਰੋ। ਇਸੇ ਹੀ ਢੰਗ ਨਾਲ ਬਾਕੀ ਦਿਆਂ ਨੇ ਇਸ ਉੱਤੇ ਨਿਹਚਾ ਕੀਤੀ, ਅਤੇ ਅਸੀਂ ਇਸ ਤੋਂ ਵੱਖਰੇ ਨਹੀਂ ਹਾਂ। ਪਰਮੇਸ਼ੁਰ ਨੇ ਇਸਰਾਏਲ ਨੂੰ ਫਲਿਸਤੀਨ ਦੇ ਦਿੱਤਾ, ਪਰ ਉਹਨਾਂ ਨੂੰ ਜਮੀਨ ਦੇ ਹਰੇਕ ਇੰਚ ਨੂੰ ਪ੍ਰਾਪਤ ਕਰਨ ਲਈ ਲੜਨਾ ਪਿਆ। ਵਾਅਦਾ ਤੁਹਾਡਾ ਹੈ, ਪਰ ਤੁਹਾਨੂੰ ਹਰ ਇਕ ਇੰਚ ਲਈ ਲੜਨਾ ਪਵੇਗਾ ਜਿਸ ਦਾ ਤੁਸੀਂ ਦਾਅਵਾ ਕਰਦੇ ਹੋ; ਸ਼ੈਤਾਨ ਇਹ ਯਕੀਨੀ ਬਣਾਵੇਗਾ, ਬੇਸ਼ਕ ਉਹ ਕਰੇਗਾ।

61 ਪਰ ਧਿਆਨ ਦਿਓ ਜਦੋਂ ਉਹ ਸਾਡੇ ਪ੍ਰਭੂ ਯਿਸੂ ਦੀਆਂ ਲੱਤਾਂ ਤੋੜਨ ਲਈ ਤਿਆਰ ਸਨ, ਜੇਕਰ ਉਹ ਹਥੌੜਾ ਉਸ ਦੀ ਲੱਤ ਉੱਤੇ ਵੱਜ ਜਾਂਦਾ ਅਤੇ ਉਸ ਨੂੰ ਤੋੜ ਦਿੰਦਾ, ਤਾਂ ਪਰਮੇਸ਼ੁਰ ਝੂਠਾ ਸਾਬਤ ਹੁੰਦਾ। ਪਰ ਉਸ ਸਾਰੇ ਹਨੇਰੇ ਕਲੇਸ਼ ਵਿੱਚ ਇੰਨ੍ਹੀਆਂ ਦੁਸ਼ਟ ਆਤਮਾਵਾਂ ਨਹੀਂ ਸਨ ਜੋ ਉਸਦੇ ਬੇਸ਼ਕੀਮਤ ਸ਼ਰੀਰ ਉੱਤੇ ਹਥੋੜਾ ਮਾਰਨ। ਕਿਉਂਕਿ ਦਾਊਦ ਨੇ, ਅੱਠ ਸੌ ਸਾਲ ਪਹਿਲਾਂ, ਇਹ ਆਖਿਆ ਸੀ, “ਉਸ ਦੇ ਸ਼ਰੀਰ ਦੀ ਇੱਕ ਵੀ ਹੱਡੀ ਤੋੜੀ ਨਹੀਂ ਜਾਵੇਗੀ।” ਪਰਮੇਸ਼ੁਰ ਦੇ ਵਚਨ ਨੇ ਸਚਾ ਸਾਬਿਤ ਹੋਣਾ ਸੀ।

62 ਪਰ ਫਿਰ ਉਹਨਾਂ ਨੇ ਕੀ ਕੀਤਾ? ਉਹਨਾਂ ਨੇ ਇੱਕ ਬਰਛੀ ਲਈ ਅਤੇ ਉਸ ਦੀ ਵੱਖੀ ਵਿੱਚ ਮਾਰੀ, ਅਤੇ ਲਹੂ ਅਤੇ ਪਾਣੀ ਬਾਹਰ ਨਿਕਲੇ, ਤਾਂ ਜੋ

ਉਹ ਪੂਰਾ ਹੋਵੇ ਜੋ ਬਾਈਬਲ ਨੇ ਕਿਹਾ ਸੀ, "ਉਹਨਾਂ ਨੇ ਮੇਰੀ ਵੱਖੀ ਅਤੇ ਮੇਰੇ ਹੱਥਾਂ ਨੂੰ ਵਿੰਨ੍ਹਿਆ ਹੈ।" ਵਚਨ ਪੂਰਾ ਹੋ ਗਿਆ ਸੀ।

63 ਪਰ ਜਦੋਂ ਉਹ ਮਰ ਰਿਹਾ ਸੀ, ਔਹ, ਕਿੰਨ੍ਹੀ ਭਿਆਨਕ ਘੜੀ ਸੀ! ਮੈਂ ਉਸ ਗੀਤ ਦੇ ਬਾਰੇ ਸੋਚਦਾ ਹਾਂ, ਅਤੇ, ਇਮਾਨਦਾਰੀ ਨਾਲ, ਇਹ ਮੈਨੂੰ ਬਹੁਤ ਖੌਫ਼ਨਾਕ ਮਹਿਸੂਸ ਹੁੰਦਾ ਹੈ, ਜਦੋਂ ਮੈਂ ਉਸ ਗੀਤ ਬਾਰੇ ਸੋਚਦਾ ਹਾਂ ਜਿਸ ਨੂੰ ਉਸ ਕਵੀ ਨੇ ਬਹੁਤ ਸਾਲ ਪਹਿਲਾਂ ਲਿਖਿਆ ਸੀ;

ਫਟਦੀਆਂ ਚਟਾਨਾਂ ਅਤੇ ਹਨੇਰੇ ਆਸਮਾਨਾਂ ਦੇ ਵਿਚਕਾਰ,
ਮੇਰੇ ਮੁਕਤੀਦਾਤਾ ਨੇ ਆਪਣਾ ਸਿਰ ਝੁਕਾਇਆ ਅਤੇ ਮਰ ਗਿਆ;
ਉਸ ਫਟੇ ਪੜਦੇ ਨੇ ਇੱਕ ਰਾਹ ਪ੍ਰਗਟ ਕੀਤਾ
ਸੁਰਗੀ ਖੁਸ਼ੀਆਂ ਅਤੇ ਨਾ ਖਤਮ ਹੋਣ ਵਾਲੇ ਦਿਨ ਲਈ।

64 ਹੁਣ ਜਦੋਂ ਉਹ ਉੱਥੇ ਲਟਕਿਆ ਹੋਇਆ ਸੀ, ਲਹੂ ਵਗ ਰਿਹਾ ਸੀ ਅਤੇ ਉਸਦੀ ਮੌਤ ਹੋ ਰਹੀ ਸੀ, ਜਦੋਂ ਉਸਨੇ ਆਪਣਾ ਸਿਰ ਝੁਕਾ ਲਿਆ, ਸੂਰਜ ਨੂੰ ਆਪਣੇ ਆਪ ਤੇ ਇੰਨੀ ਸ਼ਰਮ ਆਈ, ਕਿ ਉਸ ਨੇ ਪਰਮੇਸ਼ੁਰ ਦੇ ਰੂਪ ਵਿੱਚ ਬਣੇ ਮਰਨਹਾਰ ਜੀਵਾਂ ਵੱਲ ਹੇਠਾਂ ਵੇਖਣਾ ਵੀ ਛੱਡ ਦਿੱਤਾ, ਉਹਨਾਂ ਨੂੰ ਛਡਾਉਣ ਲਈ ਇਸ ਤਰ੍ਹਾਂ ਦਾ ਮੁੱਲ ਤਾਰਨਾ ਪਿਆ, ਸੂਰਜ ਨੇ ਉਸ ਘੜੀ ਧਰਤੀ ਵੱਲ ਹੇਠਾਂ ਵੇਖਣ ਤੋਂ ਇਨਕਾਰ ਕਰ ਦਿੱਤਾ। ਚੰਦਰਮਾ ਇੰਨ੍ਹਾਂ ਸ਼ਰਮਿੰਦਾ ਹੋਇਆ ਕਿ ਉਹ ਆਪਣੇ ਸਥਾਨ ਤੋਂ ਹੱਟ ਗਿਆ। ਅਤੇ ਤਾਰਿਆਂ ਨੇ ਆਪਣੀ ਪਿੱਠ ਧਰਤੀ ਵੱਲ ਘੁਮਾ ਲਈ। ਪਾਪ ਕਿੰਨ੍ਹਾ ਭਿਆਨਕ ਹੋ ਸਕਦਾ ਹੈ! ਕਿਵੇਂ ਪਰਮੇਸ਼ੁਰ ਨੂੰ ਪਾਪ ਨਾਲ ਨਜਿੱਠਣਾ ਪਿਆ!

65 ਅਤੇ ਉਹਨਾਂ ਠੱਠਾ ਉਡਾਉਂਦੇ ਹੋਏ ਜਾਜਕਾਂ ਵੱਲ ਵੇਖੋ, ਜਿਨ੍ਹਾਂ ਦਾ ਥੁੱਕ ਉਸਦੇ ਚਿਹਰੇ ਤੇ ਲਟਕ ਰਿਹਾ ਸੀ। ਇੱਕ ਆਦਮੀ ਨੇ ਉਸਦੇ ਸਿਰ ਉੱਤੇ ਕਾਨੇ ਨਾਲ, ਮਾਰਿਆ, ਅਤੇ ਆਖਿਆ, "ਜੇ ਤੂੰ ਨਬੀ ਹੈਂ, ਤਾਂ ਸਾਨੂੰ ਦੱਸ ਕਿ ਤੈਨੂੰ ਕਿਹਨੇ ਮਾਰਿਆ।" ਉਹਨਾਂ ਵਿੱਚੋਂ ਇੱਕ ਜਣੇ ਨੇ ਉਹਦੇ ਚਿਹਰੇ ਤੋਂ ਦਾੜੀ ਨੂੰ ਪੁੱਟਿਆ, ਅਤੇ ਉਹਦੇ ਮੂੰਹ ਉੱਤੇ ਥੱਪੜ ਮਾਰਿਆ, ਅਤੇ ਉਹ ਚਾਹੁੰਦੇ ਸਨ ਕਿ ਉਹ ਆਪਣੇ ਆਪ ਨੂੰ ਬਚਾਵੇ।

66 ਉਸਨੇ ਆਖਿਆ, "ਜੇ ਮੇਰਾ ਰਾਜ ਇਸ ਜਗਤ ਦਾ ਹੁੰਦਾ, ਤਾਂ ਮੈਂ ਆਪਣੇ ਪਿਤਾ ਕੋਲ ਬੇਨਤੀ ਕਰਦਾ, ਤਾਂ ਉਹ ਉਸੇ ਵੇਲੇ ਦੂਤਾਂ ਦੀਆਂ ਬਾਰਾਂ ਪਲਟਨਾਂ ਮੇਰੇ ਕੋਲ ਘੱਲ ਦਿੰਦਾ।"

67 ਇਹ ਬਦਲ ਸਕਦਾ ਸੀ, ਪਰ ਉਹ ਕਿਵੇਂ ਇਹ ਕਰ ਸਕਦਾ ਸੀ? ਉਹ

ਅਜਿਹਾ ਨਹੀਂ ਕਰ ਸਕਦਾ ਸੀ, ਕਿਉਂਕਿ ਇਹ ਉਸਦੀ ਆਪਣੀ ਹੀ ਸੰਤਾਨ ਸੀ ਜੋ ਉਸਦੇ ਲਹੂ ਲਈ ਪੁਕਾਰ ਰਹੀ ਸੀ। ਕੀ ਤੁਸੀਂ ਇੱਕ ਪਿਤਾ ਦੀ ਕਲਪਨਾ ਕਰ ਸਕਦੇ ਹੋ ਜਿਸਦੀ ਆਪਣੀ ਹੀ ਸੰਤਾਨ (ਹਨੇਰੇ ਵਿੱਚੋਂ) ਆਪਣੇ ਹੀ ਪਿਤਾ ਦੇ ਲਹੂ ਲਈ ਪੁਕਾਰ ਰਹਿ ਹੋਵੇ? ਇਹੋ ਹੀ ਕਾਰਣ ਸੀ ਕਿ ਉਹ ਮਰਨ ਤੋਂ ਇਲਾਵਾ ਕੁਝ ਹੋਰ ਨਹੀਂ ਕਰ ਸਕਦਾ ਸੀ। ਜੇ ਉਹ ਅਜਿਹਾ ਨਾ ਕਰਦਾ, ਤਾਂ ਉਸਦੀ ਸੰਤਾਨ ਨਾਸ਼ ਹੋ ਜਾਂਦੀ, ਸਾਰੇ ਪ੍ਰਾਣੀ ਨਾਸ਼ ਹੋ ਜਾਂਦੇ। ਉਸਨੂੰ ਆਪਣੇ ਲੋਕਾਂ ਨੂੰ ਬਚਾਉਣ ਲਈ, ਮਰਨਾ ਹੀ ਪੈਣਾ ਸੀ।

68 ਜਦੋਂ ਉਹਨੇ ਇਹ ਕੀਤਾ, ਜਦੋਂ ਉਹਨੇ ਆਪਣਾ ਸਿਰ ਝੁਕਾ ਲਿਆ, ਇਹ ਪੁਰਾਣੀ ਧਰਤੀ ਕੰਬ ਗਈ। ਇਹ ਜਰੂਰ ਬੇਚੈਨ ਹੋ ਗਈ ਸੀ, ਕਿਉਂਕਿ ਬਾਈਬਲ ਨੇ ਆਖਿਆ ਹੈ ਕਿ "ਛੇਵੀਂ ਘੜੀ ਤੋਂ ਨੌਵੀਂ ਘੜੀ ਤੱਕ, ਸਾਰੀ ਧਰਤੀ ਉੱਤੇ ਹਨੇਰਾ ਛਾ ਗਿਆ, ਸਾਰੀ ਹੀ ਧਰਤੀ ਉੱਤੇ ਹਨੇਰਾ ਸੀ।" ਅਤੇ ਧਰਤੀ ਕੰਬ ਗਈ, ਅਤੇ ਪੱਥਰ ਤਿੜਕ ਗਏ। ਹੈਕਲ ਦਾ ਪੜਦਾ ਉੱਪਰੋਂ ਲੈ ਕੇ ਹੇਠਾਂ ਤੱਕ ਫੱਟ ਗਿਆ; ਕੁਰਬਾਨੀ ਦੇ ਮੇਜ ਪਲਟ ਗਏ। ਜਿਉਂਦੇ ਪਰਮੇਸ਼ੁਰ ਦਾ ਪੁੱਤਰ ਮਰ ਗਿਆ ਸੀ। ਉਸ ਦੀ ਮੌਤ ਇਸ ਤਰ੍ਹਾਂ ਹੋਈ ਕਿ ਸੂਰਜ ਨੇ ਇਸਨੂੰ ਪਹਿਚਾਣ ਲਿਆ। ਉਸਦੀ ਮੌਤ ਇਸ ਤਰ੍ਹਾਂ ਹੋਈ ਕਿ ਚੰਦਰਮਾ ਨੇ ਇਸਨੂੰ ਪਹਿਚਾਣ ਲਿਆ। ਉਸਦੀ ਮੌਤ ਇਸ ਤਰ੍ਹਾਂ ਹੋਈ ਕਿ ਤਾਰਿਆਂ ਨੇ ਇਸਨੂੰ ਪਹਿਚਾਣ ਲਿਆ। ਉਸਦੀ ਮੌਤ ਇਸ ਤਰ੍ਹਾਂ ਹੋਈ ਕਿ ਧਰਤੀ ਨੇ ਇਸਨੂੰ ਪਹਿਚਾਣ ਲਿਆ। ਉਸਦੀ ਮੌਤ ਇਸ ਤਰ੍ਹਾਂ ਹੋਈ ਕਿ ਤੱਤਾਂ ਨੇ ਇਸਨੂੰ ਪਹਿਚਾਣ ਲਿਆ, ਵਾਯੂਮੰਡਲ ਨੇ ਇਸਨੂੰ ਪਹਿਚਾਣ ਲਿਆ। ਹਰ ਚੀਜ਼ ਨੂੰ ਜਾਣਨਾ ਪਿਆ ਕਿ ਉਹ ਪਰਮੇਸ਼ੁਰ ਦਾ ਪੁੱਤਰ ਸੀ! ਕਿਉਂਕਿ ਪਰਮੇਸ਼ੁਰ ਦਾ ਬਚਨ ਕਦੇ ਵੀ ਅਸਫਲ ਨਹੀਂ ਹੋ ਸਕਦਾ, ਉਹਨੇ ਇਹਦਾ ਵਾਦਾ ਅਦਨ ਦੇ ਬਾਗ ਤੋਂ ਹੀ ਕੀਤਾ ਸੀ, "ਉਹਦਾ ਵੰਸ਼ ਸੱਪ ਦੇ ਸਿਰ ਨੂੰ ਮਿਧੇਗਾ।"

69 ਹੁਣ ਉਹਦੇ ਨਾਲ ਕੀ ਹੋਇਆ? ਉਹ ਕਿੱਥੇ ਗਿਆ ਸੀ ਜਦੋਂ ਉਹਨੇ ਸਲੀਬ ਛੱਡੀ ਅਤੇ ਅਰਿਮਥੇਆ ਦੇ ਯੂਸੁਫ ਦੀ ਕਬਰ ਵਿੱਚ ਗਿਆ?

70 ਉਹ ਇੰਨ੍ਹਾਂ ਗਰੀਬ ਸੀ ਕਿ ਉਸ ਕੋਲ ਸਿਰ ਰੱਖਣ ਦੀ ਥਾਂ ਨਹੀਂ ਸੀ। ਉਹਦਾ ਜਨਮ ਖੁਰਲੀ ਵਿੱਚ ਜੰਮਿਆ ਸੀ, ਇੱਕ ਧੱਬੇ ਵਾਲਾ ਨਾਂ ਉਹਦੇ ਨਾਲ ਸੀ, ਕਿ ਉਹ "ਨਜਾਇਜ ਬੱਚਾ" ਹੈ। ਇਸ ਧਰਤੀ ਉੱਤੇ ਉਸ ਦਾ ਮਜ਼ਾਕ ਉਡਾਇਆ ਗਿਆ, ਉਸ ਤੇ ਹੱਸਿਆ ਗਿਆ, ਤਾਨੇ ਮਾਰੇ ਗਏ। ਉਸ ਦਾ ਮਜ਼ਾਕ ਉਡਾਇਆ ਗਿਆ ਅਤੇ ਰੱਦ ਦਿੱਤਾ ਗਿਆ। ਅਤੇ ਜਦੋਂ ਉਹ ਮਰਿਆ, ਤਾਂ ਦੋ ਡਾਕੂਆਂ ਦੇ ਵਿਚਕਾਰ, ਉਹਨੂੰ ਮੌਤ ਦੀ ਸਜਾ ਰਾਹੀਂ ਮਰਨਾ ਸੀ। ਅਤੇ ਇੱਥੋਂ ਤਕ ਕਿ ਉਸਨੂੰ ਦਫ਼ਨਾਉਣ ਲਈ ਵੀ ਥਾਂ ਨਹੀਂ ਸੀ, ਉਹ ਕਿਸੇ ਹੋਰ

ਆਦਮੀ ਦੀ ਕਬਰ ਵਿੱਚ ਦਫ਼ਨਾਇਆ ਗਿਆ। ਸਵਰਗ ਦਾ ਪਰਮੇਸ਼ੁਰ ਧਰਤੀ ਉੱਤੇ ਆਇਆ! ਤੁਸੀਂ ਕੀ ਸੋਚਦੇ ਹੋ ਕਿ ਅਸੀਂ ਕੀ ਹਾਂ, ਜਿਨ੍ਹਾਂ ਨੂੰ ਛੋਟੀਆਂ ਛੋਟੀਆਂ ਪਰੇਸ਼ਾਨੀਆਂ ਵਿੱਚੋਂ ਲੰਘਣਾ ਪੈਂਦਾ ਹੈ? ਜੋ ਉਹਨੇ ਸਾਡੇ ਲਈ ਕੀਤਾ! ਇਹਦੇ ਬਾਰੇ ਸੋਚੋ, ਦੋਸਤ, ਇਸਦਾ ਅਧਿਐਨ ਕਰੋ।

71 ਰੋਮੀ ਸਿਪਾਹੀ ਨੇ ਆਖਿਆ, "ਸੱਚਮੁੱਚ, ਇਹ ਪਰਮੇਸ਼ੁਰ ਦਾ ਪੁੱਤਰ ਸੀ।" ਇੱਕ ਪਾਪੀ ਨੂੰ ਇਹ ਪਹਿਚਾਨਣਾ ਪਿਆ। ਯਹੂਦਾ ਨੇ ਕਿਹਾ, "ਮੈਂ ਨਿਰਦੋਸ਼ ਲਹੂ ਨਾਲ ਧੋਖਾ ਕੀਤਾ ਹੈ।" ਉਹਨੂੰ ਇਹ ਪਹਿਚਾਨਣਾ ਪਿਆ। ਸਾਰੀ ਧਰਤੀ ਨੇ ਉਹਨੂੰ ਪਹਿਚਾਣ ਲਿਆ।

72 ਫਿਰ ਉਹ ਕਿੱਥੇ ਗਿਆ? ਜਦੋਂ ਇੱਕ ਮਨੁੱਖ ਮਰ ਜਾਂਦਾ ਹੈ, ਤਾਂ ਕੀ ਉਹ ਖਤਮ ਹੋ ਜਾਂਦਾ ਹੈ? ਨਹੀਂ, ਸ਼੍ਰੀਮਾਨ। ਉਹਨੂੰ ਇਸ ਢੰਗ ਨਾਲ ਮਰਨਾ ਪਿਆ ਕਿਉਂਕਿ ਪਰਮੇਸ਼ੁਰ ਦੀ ਬਾਈਬਲ ਨੇ ਆਖਿਆ ਸੀ ਕਿ ਉਹ ਇਸੇ ਹੀ ਢੰਗ ਨਾਲ ਮਰੇਗਾ। ਅਤੇ ਉਹਨੇ ਪਰਮੇਸ਼ੁਰ ਦੇ ਵਚਨ ਉੱਤੇ ਨਿਹਚਾ ਕੀਤੀ। ਇਸੇ ਹੀ ਕਾਰਣ ਉਹ ਆਪਣੇ ਜੀਵਨ ਵਿੱਚ, ਇਹ ਆਖ ਸਕਿਆ, "ਇਸ ਹੈਕਲ ਨੂੰ ਢਾਹ ਦਿਓ, ਮੈਂ ਇਹਨੂੰ ਤਿੰਨਾਂ ਦਿਨਾਂ ਵਿੱਚ ਖੜੀ ਕਰ ਦਿਆਂਗਾ।"

73 ਕਿਉਂਕਿ ਦਾਊਦ ਨੇ, ਪ੍ਰੇਰਣਾ ਨਾਲ, ਕੇਵਲ, ਇੱਕ ਥਾਂ ਬਾਈਬਲ ਵਿੱਚ, ਆਖਿਆ ਸੀ, ਜਦੋਂ ਦਾਊਦ ਨੇ, ਜੋ ਪਰਮੇਸ਼ੁਰ ਦਾ ਆਦਮੀ ਸੀ, ਇੱਕ ਨਬੀ ਜੋ ਵਚਨ ਨਾਲ ਮਸਹ ਕੀਤਾ ਹੋਇਆ ਸੀ, ਆਖਿਆ, "ਮੈਂ ਆਪਣੇ ਪਵਿੱਤਰ ਪੁਰਖ ਨੂੰ ਗੌਰ ਨਹੀਂ ਦੇਖਣ ਦਿਆਂਗਾ, ਨਾ ਹੀ ਮੈਂ ਉਸਦੀ ਜਾਨ ਨੂੰ ਪਤਾਲ ਵਿੱਚ ਛੱਡਾਂਗਾ।"

74 ਯਿਸੂ ਨੇ ਆਖਿਆ, "ਤੁਸੀਂ ਇਸ ਸ਼ਰੀਰ ਨੂੰ ਨਾਸ਼ ਕਰ ਦਿਓ, ਅਤੇ ਮੈਂ ਇਹਨੂੰ ਤਿੰਨਾਂ ਦਿਨਾਂ ਵਿੱਚ ਖੜਾ ਕਰ ਦਿਆਂਗਾ।" ਉਹ ਜਾਣਦਾ ਸੀ ਕਿ ਪਰਮੇਸ਼ੁਰ ਦਾ ਵਚਨ ਅਸਫਲ ਨਹੀਂ ਹੋ ਸਕਦਾ। ਔਹ, ਮੇਰੇ ਪ੍ਰਭੂ!

75 ਜੇਕਰ ਉਹ ਗੰਭੀਰਤਾ ਨਾਲ ਇਹਦੇ ਉੱਤੇ ਵਿਸ਼ਵਾਸ ਕਰ ਸਕਦਾ ਹੈ, ਕਿ ਪਰਮੇਸ਼ੁਰ ਦਾ ਵਚਨ ਕਦੇ ਅਸਫਲ ਨਹੀਂ ਹੋ ਸਕਦਾ, ਤਾਂ ਫਿਰ ਸਾਨੂੰ ਕਿੰਨ੍ਹੀ ਵੱਧ ਗੰਭੀਰਤਾ ਨਾਲ ਇਹਦੇ ਉੱਤੇ ਵਿਸ਼ਵਾਸ ਕਰਨਾ ਚਾਹੀਦਾ ਹੈ ਕਿ ਅਸੀਂ ਪਵਿੱਤਰ ਆਤਮਾ ਰਾਹੀਂ ਨਵਾਂ ਜਨਮ ਪ੍ਰਾਪਤ ਕਰ ਲਿਆ ਹੈ, ਅਤੇ ਇਸ ਦਾ ਸਬੂਤ ਠੀਕ ਹੁਣ ਸਾਡੇ ਹਿਰਦੇ ਵਿੱਚ ਹੈ ਕਿ ਅਸੀਂ ਜਾਣਦੇ ਹਾਂ ਕਿ ਸਾਡਾ ਛੁਡਾਉਣ ਵਾਲਾ ਜਿਉਂਦਾ ਹੈ ਅਤੇ ਕਿਸੇ ਦਿਨ ਉਹ ਦੁਬਾਰਾ ਆਵੇਗਾ। ਇਸ ਗੱਲ ਨੂੰ ਪੱਕਾ ਜਾਣ ਲਓ ਕਿ ਜੋ ਮਸੀਹ ਵਿੱਚ ਹਨ ਪਰਮੇਸ਼ੁਰ ਉਹਨਾਂ ਨੂੰ ਆਪਣੇ ਨਾਲ ਲੈ ਕੇ ਆਵੇਗਾ! ਹੁਣ ਧਿਆਨ ਦਿਓ।

76 ਉਹ ਉੱਥੇ ਸੀ। ਉਹ ਜਾਣਦਾ ਸੀ ਕਿ ਉਸਦੇ ਸ਼ਰੀਰ ਦਾ ਕੋਈ ਵੀ ਸੈੱਲ

(ਕੋਸ਼ਿਕਾ) ਨਹੀਂ ਸੜੇਗਾ। ਸ਼ਰੀਰ ਬਹੱਤਰ ਘੰਟਿਆਂ ਬਾਅਦ, ਸੜਨਾ ਸ਼ੁਰੂ ਹੁੰਦਾ ਹੈ। ਇਹੀ ਕਾਰਣ ਸੀ ਕਿ ਉਹ ਤਿੰਨ ਦਿਨਾਂ ਤੱਕ ਕਬਰ ਵਿੱਚ ਨਹੀਂ ਰਿਹਾ। ਉਹ ਸ਼ੁੱਕਰਵਾਰ ਦੁਪਹਿਰੋਂ ਬਾਅਦ ਮਰਿਆ, ਅਤੇ ਐਤਵਾਰ ਸਵੇਰੇ ਜੀ ਉੱਠਿਆ। ਪਰ ਇਹ ਸਭ ਕੁਝ ਤਿੰਨ ਦਿਨਾਂ ਦੇ ਦਰਮਿਆਨ ਹੀ ਹੋਣਾ ਸੀ। ਕਿਉਂਕਿ ਉਸ ਨੇ ਪਰਮੇਸ਼ੁਰ ਦੇ ਵਚਨ ਉੱਤੇ ਵਿਸ਼ਵਾਸ ਕੀਤਾ, ਇਸ ਲਈ ਉਸ ਨੇ ਤਿੰਨਾਂ ਦਿਨਾਂ ਵਿੱਚ ਜੀ ਉਠਣਾ ਸੀ।

77 ਉਹ ਇੱਥੇ ਜਾਂਦਾ ਹੈ! ਜਦੋਂ ਉਹ ਗਿਆ ਤਾਂ ਉਹ ਕਿੱਥੇ ਗਿਆ? ਬਾਈਬਲ ਨੇ ਆਖਿਆ, "ਉਹ ਉਤਾਂਹ ਚੜ ਗਿਆ। ਉਹਨੇ ਉਹਨਾਂ ਆਤਮਿਆਂ ਦੇ ਕੋਲ ਜਿਹੜੇ ਕੈਦ ਵਿੱਚ ਸਨ ਜਾ ਕੇ ਪ੍ਰਚਾਰ ਕੀਤਾ, ਜਿਨ੍ਹਾਂ ਨੇ ਨੂਹ ਦੇ ਧੀਰਜ ਧਰਨ ਦੇ ਦਿਨਾਂ ਵਿੱਚ ਤੌਬਾ ਨਹੀਂ ਕੀਤੀ ਸੀ।" ਉਹਦਾ ਪ੍ਰਾਣ, ਉਹਦਾ ਆਤਮਾ, ਉਹਦੀ ਹੋਂਦ ਦੀ ਥਿਓਫਨੀ, ਹੇਠਾਂ ਗਈ। ਆਓ ਉਹਦੇ ਮਗਰ ਹੋ ਤੁਰੀਏ। ਕੀ ਅੱਜ ਰਾਤ ਤੁਸੀਂ ਕੁਝ ਪਲਾਂ ਲਈ ਉਹਦੇ ਪਿੱਛੇ ਚੱਲਣਾ ਚਾਹੁੰਦੇ ਹੋ? ਆਓ ਵੇਖੀਏ ਕਿ ਉਹ ਕਿੱਥੇ ਗਿਆ ਸੀ।

78 ਮਰਨਹਾਰ ਪ੍ਰਾਣੀਆਂ ਦੇ ਖੇਤਰ ਤੋਂ ਠੀਕ ਹੇਠਾਂ ਸ਼ੈਤਾਨੀ ਸ਼ਕਤੀਆਂ ਦਾ ਸਥਾਨ ਹੈ; ਉਸ ਤੋਂ ਹੇਠਾਂ...ਉਸ ਤੋਂ ਠੀਕ ਉੱਪਰ ਕੁਧਰਮੀਆਂ ਦੇ ਪ੍ਰਾਣ ਹਨ, ਉਸ ਤੋਂ ਹੇਠਾਂ ਸ਼ੈਤਾਨ ਦਾ ਅਧਿਕਾਰ ਖੇਤਰ ਹੈ, ਜੋ ਕਿ ਨਰਕ ਹੈ। ਫਿਰ ਸਾਡੇ ਤੋਂ ਠੀਕ ਉੱਪਰ ਪਵਿੱਤਰ ਆਤਮਾ ਹੈ, ਫਿਰ ਜਗਵੇਦੀ ਦੇ ਹੇਠਾਂ ਧਰਮੀ ਲੋਕਾਂ ਦੇ ਪ੍ਰਾਣ ਹਨ; ਫਿਰ ਇਸ ਤੋਂ ਅੱਗੇ ਪਰਮੇਸ਼ੁਰ ਆਪ ਹੈ। ਇੱਕ ਹੇਠਾਂ ਜਾਂਦਾ ਹੈ, ਇੱਕ ਉੱਪਰ ਜਾਂਦਾ ਹੈ; ਦੋਵੇਂ ਹੀ ਆਤਮਾਵਾਂ ਇੱਥੇ ਧਰਮੀ ਉੱਤੇ ਹਨ, ਅਤੇ ਧਰਤੀ ਦੇ ਲੋਕਾਂ ਉੱਤੇ ਪ੍ਰਭਾਵ ਪਾਉਂਦੀਆਂ ਹਨ।

79 ਅਤੇ ਜਦੋਂ ਯਿਸੂ ਮਰਿਆ, ਉਹ ਉੱਪਰ, ਹੇਠਾਂ ਗਿਆ। ਮੈਂ ਉਸਨੂੰ ਉਹਦੀ ਮੌਤ ਤੋਂ ਬਾਅਦ ਸ਼ੁੱਕਰਵਾਰ ਸ਼ਾਮ ਨੂੰ ਵੇਖ ਸਕਦਾ ਹਾਂ, [ਭਾਈ ਬ੍ਰਨਹਾਮ ਪੁਲਪਿਟ ਨੂੰ ਖੜਕਾਉਂਦੇ ਹਨ—ਸੰਪਾ.] ਉਹ ਖੋਏ ਹੋਏ ਲੋਕਾਂ ਦੇ ਸਥਾਨਾਂ ਵਿੱਚ ਦਰਵਾਜੇ ਖੜਕਾਉਂਦਾ ਹੈ। ਆਓ ਇੱਕ ਮਿੰਟ ਦੇ ਲਈ ਉਹਦੇ ਪਿੱਛੇ ਚੱਲੀਏ। ਦਰਵਾਜਾ ਖੁੱਲਦਾ ਹੈ। ਉੱਥੇ ਔਰਤਾਂ ਸਨ, ਆਦਮੀ ਸਨ, ਜਵਾਨ ਔਰਤਾਂ ਸਨ, ਬੁੱਢੇ ਸਨ, ਉਹ ਸਾਰੇ ਹੀ ਇਕੱਠੇ ਉਸ ਘਿਨਾਉਣੇ ਸਥਾਨ ਵਿੱਚ ਸਨ ਜਿਸਨੂੰ ਭਟਕੀਆਂ ਹੋਈਆਂ ਰੂਹਾਂ ਦਾ ਕੈਦਖਾਨਾ ਆਖਿਆ ਜਾਂਦਾ ਹੈ।

80 ਜੇ ਮੇਰੇ ਕੋਲ ਸਮਾਂ ਹੁੰਦਾ, ਤਾਂ ਮੈਂ ਤੁਹਾਨੂੰ ਦੱਸਦਾ। ਅਤੇ ਹੋ ਸਕਦਾ ਹੈ ਕਿ ਇਹ ਇੱਕ ਦਰਸ਼ਨ ਸੀ। ਪਰ ਇੱਕ ਵਾਰੀ ਮੈਂ ਉੱਥੇ ਗਿਆ ਸੀ, ਅਤੇ ਦਯਾ ਪੁਕਾਰਿਆ ਸੀ, ਜਦੋਂ ਮੈਂ ਇੱਕ ਪਾਪੀ ਸੀ ਅਤੇ ਮੇਰਾ ਆਪਰੇਸ਼ਨ ਹੋ ਰਿਹਾ ਸੀ। ਜਦੋਂ ਮੈਂ ਬਾਹਰ ਆਇਆ, ਤਾਂ ਮੈਂ ਪੱਛਮ ਵਿੱਚ ਆਪਣੇ ਹੱਥ ਉਤਾਂਹ

ਅਕਾਸ਼ ਵੱਲ ਕਰਕੇ ਖੜਾ ਸੀ, ਅਤੇ ਸਲੀਬ ਮੇਰੇ ਉੱਤੇ ਚਮਕ ਰਹੀ ਸੀ।

81 ਪਰ ਉਸ ਦੁਖਦਾਇਕ ਸਥਾਨ ਵਿੱਚ, ਯਿਸੂ ਤੁਰ ਕੇ ਦਰਵਾਜੇ ਤਕ ਆਇਆ। ਹਰ ਚੀਜ਼ ਨੂੰ ਗਵਾਹੀ ਦੇਣੀ ਪਈ ਕਿ ਉਹ ਪਰਮੇਸ਼ੁਰ ਦਾ ਪੁੱਤਰ ਸੀ, ਕਿਉਂਕਿ ਉਹਨਾਂ ਨੂੰ ਨੂਹ ਦੇ ਧੀਰਜ ਧਰਨ ਦੇ ਦਿਨਾਂ ਵਿੱਚ ਪ੍ਰਚਾਰ ਕੀਤਾ ਗਿਆ ਸੀ। ਦਰਵਾਜਾ ਖੜਕਾਉਂਦਾ ਹੈ, ਉਸ ਨੇ ਆਖਿਆ, "ਮੈਂ ਉਹੋ ਹੀ ਹਾਂ ਜਿਸ ਬਾਰੇ ਹਨੋਕ ਨੇ ਗੱਲ ਕੀਤੀ ਸੀ। ਮੈਂ ਤੀਵੀਂ ਦੀ ਸੰਤਾਨ ਹਾਂ, ਜਿਸ ਨੇ ਸੱਪ ਦੇ ਸਿਰ ਨੂੰ ਕੁਚਲਣਾ ਸੀ। ਪਰਮੇਸ਼ੁਰ ਦਾ ਹਰੇਕ ਵਚਨ ਪੂਰਾ ਹੋ ਚੁੱਕਿਆ ਹੈ; ਮੈਂ ਹੁਣੇ ਹੀ ਉੱਥੇ ਕਲਵਰੀ ਉੱਤੇ ਮਰ ਗਿਆ ਹਾਂ, ਅਤੇ ਮੈਂ ਆਪਣੀ ਕਲੀਸੀਆ ਨੂੰ ਖਰੀਦ ਲਿਆ ਹੈ। ਅਤੇ ਜਿਹਦੇ ਬਾਰੇ ਹਨੋਕ ਨੇ ਆਖਿਆ ਸੀ, ਮੈਂ ਉਹੋ ਹੀ ਹਾਂ।" ਅਤੇ ਉਹ ਬਿਨਾਂ ਕਿਰਪਾ ਦੇ, ਬਿਨਾਂ ਆਸ ਦੇ ਸਨ, ਕਿਉਂਕਿ ਉਹਨਾਂ ਨੇ ਪਾਪ ਕੀਤਾ ਸੀ। ਅਤੇ ਦਰਵਾਜਾ ਉਹਨਾਂ ਦੇ ਸਾਹਮਣਿਓਂ ਬੰਦ ਹੋ ਗਿਆ ਸੀ।

82 ਅਤੇ ਹੇਠਾਂ ਬਦਰੂਹਾਂ ਦੇ ਖੇਤਰਾਂ ਵਿੱਚ! ਸਿੱਧਾ ਨਰਕ ਦੇ ਫਾਟਕਾਂ ਤਕ! ਉਹ ਬੂਹਾ ਖੜਕਾਉਂਦਾ ਹੈ। [ਭਾਈ ਬ੍ਰਨਹਾਮ ਪੁਲਪਿਟ ਖੜਕਾਉਂਦੇ ਹਨ—ਸੰਪਾ.]

83 ਅਤੇ ਇਹ ਉਸ ਸਮੇਂ ਹੋਇਆ ਜਦ ਉਹ ਕਬਰ ਵਿੱਚ ਸੀ, ਉਸਦੀ ਦੇਹ ਪੁਨਰ-ਉਥਾਨ ਦੀ ਉਡੀਕ ਕਰ ਰਹੀ ਹੈ। ਉਹ ਉਹਨਾਂ ਥਾਵਾਂ ਵਿੱਚ ਗਿਆ ਜਿੱਥੇ ਧਰਮੀ ਅਤੇ ਅਧਰਮੀ ਜਾਂਦੇ ਹਨ; ਜਿੱਥੇ ਤੁਸੀਂ ਇਹਨਾਂ ਦਿਨਾਂ ਵਿੱਚੋਂ ਕਿਸੇ ਦਿਨ, ਇਹਨਾਂ ਥਾਵਾਂ ਵਿੱਚੋਂ ਕਿਸੇ ਇੱਕ ਥਾਂ ਜਾਓਗੇ।

84 ਅਤੇ ਉਹ ਨਰਕ ਦਾ ਬੂਹਾ ਖੜਕਾਉਂਦਾ ਹੈ। [ਭਾਈ ਬ੍ਰਨਹਾਮ ਪੁਲਪਿਟ ਨੂੰ ਖੜਕਾਉਂਦੇ ਹਨ—ਸੰਪਾ.] ਅਤੇ, ਜਦੋਂ ਉਸਨੇ ਅਜਿਹਾ ਕੀਤਾ, ਤਾਂ ਸ਼ੈਤਾਨ ਬਾਹਰ ਆਇਆ। ਅਤੇ ਮੈਂ ਉਹਨੂੰ ਆਖਦੇ ਸੁਣ ਸਕਦਾ ਹਾਂ, "ਔਹ, ਆਖਿਰ ਤੂੰ ਪਹੁੰਚ ਹੀ ਗਿਆ। ਮੈਂ ਯਕੀਨਨ ਸੋਚਿਆ ਕਿ ਜਦੋਂ ਮੈਂ ਹਾਬਲ ਨੂੰ ਮਾਰਿਆ, ਤਾਂ ਮੈਂ ਤੈਨੂੰ ਖਤਮ ਕਰ ਦਿੱਤਾ ਸੀ।"

85 ਤੁਸੀਂ ਸਮਝੇ, ਜਦੋਂ ਅਦਨ ਦੇ ਬਾਗ ਵਿੱਚ ਸੰਤਾਨ ਦਾ ਵਾਦਾ ਕੀਤਾ ਗਿਆ, ਸ਼ੈਤਾਨ ਨੇ ਹਮੇਸ਼ਾ ਹੀ ਇਹ ਚਾਹਿਆ ਕਿ ਉਸ ਸੰਤਾਨ ਨੂੰ ਖਤਮ ਕਰੇ। ਅਤੇ ਹਾਬਲ ਦੀ ਮੌਤ, ਅਤੇ ਸੇਥ ਦਾ ਆਉਣਾ, ਇਹ ਬਸ ਮਸੀਹ ਦਾ ਮਰਨਾ, ਦਫ਼ਨਾਇਆ ਜਾਣਾ, ਅਤੇ ਜੀ ਉਠਣਾ ਸੀ। ਸੰਤਾਨ ਨੇ ਲਗਾਤਾਰ ਆਉਂਦੇ ਰਹਿਣਾ ਸੀ। ਅਤੇ ਸ਼ੈਤਾਨ ਨੇ ਇਸ ਨੂੰ ਖਤਮ ਕਰਨ ਦੀ ਕੋਸ਼ਿਸ਼ ਕੀਤੀ।

86 ਉਸਨੇ ਕਿਹਾ, "ਮੈਂ ਸੋਚਿਆ ਕਿ ਜਦ ਹਾਬਲ ਨੂੰ ਮਾਰਿਆ ਸੀ ਮੈਂ ਤੈਨੂੰ ਖਤਮ ਕਰ ਦਿੱਤਾ ਹੈ। ਮੈਂ ਸੋਚਿਆ ਕਿ ਜਦ ਮੈਂ ਨਬੀਆਂ ਨੂੰ ਮਾਰਿਆ ਸੀ ਤਾਂ ਮੈਂ ਤੈਨੂੰ ਖਤਮ ਕਰ ਦਿੱਤਾ ਸੀ। ਜਦ ਮੈਂ ਯੂਹੰਨਾ ਦਾ ਸਿਰ ਕਟਵਾਇਆ ਤਾਂ

ਮੈਨੂੰ ਪੱਕਾ ਯਕੀਨ ਹੋ ਗਿਆ ਸੀ। ਪਰਰ ਹੁਣ, ਆਖਰਕਾਰ, ਤੂੰ ਇੱਥੇ ਆ ਗਿਆ ਹੈਂ।" ਔਹ, ਮੇਰੇ!

87 ਮੈਂ ਉਹ ਨੂੰ ਇਹ ਦੇ ਆਖਦੇ ਹੋਏ ਸੁਣ ਸਕਦਾ ਹਾਂ, "ਸ਼ੈਤਾਨ, ਇੱਥੇ ਆ!" ਹੁਣ ਉਹ ਸੁਆਮੀ ਹੈ। ਉੱਥੇ ਹੱਥ ਵਧਾਉਂਦਾ ਹੈ, ਮੌਤ ਅਤੇ ਪਤਾਲ ਦੀ ਕੁੰਜੀ ਲੈਂਦਾ ਹੈ, ਅਤੇ ਉਹਨੂੰ ਆਪਣੀ ਵੱਖੀ ਨਾਲ ਟੰਗ ਲੈਂਦਾ ਹੈ। "ਹੁਣ ਮੈਂ ਤੈਨੂੰ ਇੱਕ ਸੂਚਨਾ ਦੇਣੀ ਚਾਹੁੰਦਾ ਹਾਂ। ਤੂੰ ਲੰਬੇ ਸਮੇਂ ਤੱਕ ਧੋਖਾ ਦਿੰਦਾ ਰਿਹਾ ਹੈਂ। ਮੈਂ ਕੁਆਰੀ ਤੋਂ ਜੰਮਿਆ ਜਿਉਂਦੇ ਪਰਮੇਸ਼ੁਰ ਦਾ ਪੁੱਤਰ ਹਾਂ। ਮੇਰਾ ਲਹੂ ਅਜੇ ਵੀ ਸਲੀਬ ਉੱਤੇ ਤਾਜਾ ਹੈ, ਅਤੇ ਸਾਰਾ ਕਰਜਾ ਭਰ ਦਿੱਤਾ ਗਿਆ ਹੈ! ਹੁਣ ਤੇਰੇ ਕੋਲ ਕੋਈ ਵੀ ਅਧਿਕਾਰ ਨਹੀਂ ਹੈ। ਤੂੰ ਨੰਗਾ ਕਰ ਦਿੱਤਾ ਗਿਆ ਹੈਂ। ਉਹ ਕੁੰਜੀਆਂ ਮੈਨੂੰ ਦੇ ਦੇ!" ਇਹ ਠੀਕ ਹੈ। ਪਿੱਛੇ ਮੁੜਦਾ ਹੈ ਅਤੇ ਉਸ ਨੂੰ ਜਬਰਦਸਤ ਠੁੱਡ ਮਾਰਦਾ ਹੈ, ਅਤੇ ਜੋਰ ਨਾਲ ਬੂਹੇ ਨੂੰ ਧੱਕਾ ਮਾਰਦਾ ਹੈ, ਅਤੇ ਆਖਦਾ ਹੈ, "ਇੱਥੇ ਹੀ ਰਹਿ! ਹੁਣ ਤੋਂ ਮੈਂ ਸੁਆਮੀ ਹਾਂ।"

88 ਹੁਣ, ਉਹਦੇ ਕੋਲ ਰਾਜ ਦੀਆਂ ਕੁੰਜੀਆਂ ਨਹੀਂ ਸਨ, ਕਿਉਂਕਿ ਉਹ ਉਸਨੇ ਪਤਰਸ ਨੂੰ ਦੇ ਦਿੱਤੀਆਂ ਸਨ; ਅਸੀਂ ਇਹ ਨੂੰ ਸਵੇਰੇ, ਪਾਣੀ ਦੇ ਬਪਤੀਸਮੇ ਦੇ ਸਮੇਂ ਵੇਖਾਂਗੇ। ਉਹਦੇ ਕੋਲ ਮੌਤ ਅਤੇ ਪਤਾਲ ਦੀਆਂ ਕੁੰਜੀਆਂ ਸਨ, ਉਹਨੇ ਉਹ ਲੈ ਲਈਆਂ ਸਨ; ਆਪਣੇ ਜੀ ਉਠਣ ਤੋਂ ਬਾਅਦ, ਉਸਨੇ ਆਖਿਆ, "ਮੌਤ ਅਤੇ ਪਤਾਲ ਦੀਆਂ ਕੁੰਜੀਆਂ ਮੇਰੇ ਕੋਲ ਹਨ।" ਪਤਰਸ ਦੇ ਕੋਲ ਰਾਜ ਦੀਆਂ ਕੁੰਜੀਆਂ ਸਨ। ਸ਼ੈਤਾਨ ਕੋਲ ਮੌਤ ਅਤੇ ਪਤਾਲ ਦੀਆਂ ਸਨ; ਪਰ ਹੁਣ ਉਹ ਕੁੰਜੀਆਂ ਪ੍ਰਭੂ ਯਿਸੂ ਦੇ ਕੋਲ ਹਨ। ਹੁਣ ਉਹ ਸੁਆਮੀ ਹੈ।

89 ਉਹ ਇੱਥੋਂ ਚੱਲਦਾ ਹੈ। ਈਸਟਰ ਦਾ ਸਮਾਂ ਹੋ ਰਿਹਾ ਹੈ; ਸਮਾਂ ਤੇਜੀ ਨਾਲ ਲੰਘ ਰਿਹਾ ਹੈ। ਪਰ ਉੱਥੇ ਇੱਕ ਹੋਰ ਝੁੰਡ ਹੈ। ਅਯੂਬ ਕਿੱਥੇ ਹੈ? ਅਬਰਾਹਾਮ ਕਿੱਥੇ ਹੈ? ਉਹ ਕਿੱਥੇ ਹਨ? ਉਹ ਲੋਕ ਕਿੱਥੇ ਹਨ ਜਿਨ੍ਹਾਂ ਨੇ ਪਰਮੇਸ਼ੁਰ ਦੇ ਵਚਨ ਉੱਤੇ ਭਰੋਸਾ ਕੀਤਾ ਸੀ? ਕੀ ਉਹ ਉਹਨਾਂ ਨੂੰ ਭੁੱਲ ਗਿਆ? ਕੀ ਮੌਤ ਨੇ ਉਹਨਾਂ ਨੂੰ ਨਾਸ਼ ਕਰ ਦਿੱਤਾ? ਕੀ ਇਹੋ ਹੀ ਉਹਨਾਂ ਦਾ ਖਾਤਮਾ ਸੀ? ਕਦੇ ਵੀ ਨਹੀਂ, ਕਦੇ ਵੀ ਨਹੀਂ; ਪਰਮੇਸ਼ੁਰ ਨੂੰ ਆਪਣਾ ਵਚਨ ਪੂਰਾ ਕਰਨਾ ਹੀ ਪਵੇਗਾ।

90 ਮੈਂ ਉਹਨੂੰ ਵੇਖ ਸਕਦਾ ਹਾਂ। ਆਓ ਅਸੀਂ ਫਿਰਦੌਸ ਵਿੱਚ ਥੋੜੀ ਝਾਤੀ ਮਾਰੀਏ, ਅਤੇ ਉੱਥੇ ਵੇਖੀਏ। ਅਤੇ ਮੈਂ ਸਰਾਹ ਅਤੇ ਅਬਰਾਹਾਮ ਨੂੰ ਉੱਥੇ ਆਲੇ-ਦੁਆਲੇ ਤੁਰਦੇ ਫਿਰਦੇ ਵੇਖਦਾ ਹਾਂ, ਅਤੇ ਥੋੜੀ ਦੇਰ ਬਾਅਦ [ਭਾਈ ਬ੍ਰੰਨਹਾਮ ਖੜਕਾਉਂਦੇ ਹਨ—ਸੰਪਾ.] ਕੋਈ ਬੂਹੇ ਤੇ ਆਉਂਦਾ ਹੈ। ਅਬਰਾਹਾਮ ਜਾਂਦਾ ਹੈ ਅਤੇ ਬੂਹੇ ਨੂੰ ਖੋਲ੍ਹਦਾ ਹੈ, ਆਖਦਾ ਹੈ, "ਪਿਆਰੀ, ਇੱਥੇ ਆ। ਇੱਧਰ ਵੇਖ! ਇੱਥੇ ਵੇਖ, ਇਹ ਤਾਂ ਉਹੋ ਹੀ ਹੈ ਜੋ ਉਸ ਦਿਨ ਮੇਰੇ ਨਾਲ ਬਲੂਤ ਦੇ ਰੁੱਖ

ਹੇਠਾਂ ਖੜਾ ਸੀ।" ਉਹ ਅਬਰਾਹਾਮ ਦਾ ਪਰਮੇਸ਼ੁਰ ਹੈ।

91 ਬਸ ਉਸੇ ਵੇਲੇ ਮੈਂ ਦਾਨੀਏਲ ਨੂੰ ਉਸਦੇ ਮੋਢਿਆਂ ਉੱਪਰੋਂ ਦੀ ਵੇਖਦੇ ਹੋਏ ਨੂੰ ਵੇਖ ਸਕਦਾ ਹਾਂ, ਅਤੇ ਉਹ ਆਖਦਾ ਹੈ, "ਇਹ ਉਹ ਚਟਾਨ ਹੈ ਜਿਹੜੀ ਪਹਾੜ ਵਿੱਚ ਕੱਟੀ ਗਈ ਸੀ, ਅਤੇ ਇਹ ਉਸੇ ਤਰ੍ਹਾਂ ਹੀ ਯਕੀਨੀ ਹੈ ਜਿੰਨ੍ਹੇ ਯਕੀਨ ਨਾਲ ਮੈਂ ਇੱਥੇ ਖੜ੍ਹਾ ਹਾਂ।"

92 ਮੈਂ ਵੇਖਦਾ ਹਾਂ ਕਿ ਅਯੂਬ ਖੜ੍ਹਾ ਹੋਇਆ, ਆਖਿਆ, "ਇਹ ਮੇਰਾ ਛੁਡਾਉਣ ਵਾਲਾ ਹੈ ਜਿਸ ਦੇ ਬਾਰੇ ਵਿੱਚ ਮੈਂ ਆਖਿਆ ਸੀ ਕਿ ਉਹ ਜਿਉਂਦਾ ਹੈ, ਅਤੇ ਕਿਸੇ ਦਿਨ ਉਹ ਧਰਤੀ ਉੱਤੇ ਖੜ੍ਹਾ ਹੋਵੇਗਾ। ਮੇਰਾ ਸ਼ਰੀਰ ਕੁਝ ਹੋਰ ਨਹੀਂ ਪਰ ਇੱਕ ਚਮਚ ਸੁਆਹ ਹੀ ਕਿਉਂ ਨਾ ਹੋਵੇ, ਪਰ ਮੈਂ ਪੰਦਰਾਂ ਮਿੰਟਾਂ ਬਾਅਦ ਇਸੇ ਹੀ ਸ਼ਰੀਰ ਵਿੱਚ ਹੋਵਾਂਗਾ। ਇਹ ਉਹੋ ਹੈ।"

93 ਹਿਜਕੀਏਲ ਉੱਪਰੋਂ ਵੇਖਦਾ ਹੈ, ਅਤੇ ਆਖਦਾ ਹੈ, "ਮੈਂ ਇਸੇ ਮਨੁੱਖ ਨੂੰ ਪਹੀਏ ਦੇ ਵਿੱਚ ਪਹੀਏ ਦੇ ਰੂਪ ਵਿੱਚ ਵੇਖਿਆ ਸੀ, ਜੋ ਉੱਤੇ ਹਵਾ ਵਿੱਚ, ਘੁੰਮ ਰਿਹਾ ਸੀ।" ਔਹ, ਮੇਰੇ!

94 ਤਦ ਹਨੋਕ ਉੱਪਰ ਆਉਂਦਾ ਹੈ। ਹਨੋਕ ਨੇ ਆਖਿਆ, "ਮੈਂ ਉਸ ਨੂੰ ਨਿਆਂ ਕਰਨ ਲਈ ਆਪਣੇ ਦੱਸ ਹਜਾਰ ਸੰਤਾਂ ਸਮੇਤ ਆਉਂਦੇ ਹੋਏ ਨੂੰ ਵੇਖਿਆ ਸੀ।"

95 ਉੱਥੇ ਪੁਰਾਣੇ ਨੇਮ ਦੇ ਸੰਤ ਉਡੀਕ ਰਹੇ ਹਨ, ਯਕੀਨਨ ਉਹ, ਲਹੂ ਦੇ ਪ੍ਰਾਸਚਿਤ ਦੇ ਹੇਠਾਂ ਸਨ। ਉਹ ਪਰਮੇਸ਼ੁਰ ਦੀ ਹਜੂਰੀ ਵਿੱਚ ਨਹੀਂ ਜਾ ਸਕਦੇ ਸਨ, ਸਵਰਗ ਦੇ ਪਰਮੇਸ਼ੁਰ ਦੀ ਹਜੂਰੀ ਵਿੱਚ, ਕਿਉਂਕਿ ਬੱਕਰੀ ਅਤੇ ਭੇਡ ਦਾ ਲਹੂ ਪਾਪ ਨੂੰ ਦੂਰ ਨਹੀਂ ਕਰ ਸਕਦਾ ਸੀ।

96 ਪਰ ਉਸਨੇ ਆਖਿਆ, "ਮੇਰੇ ਭਰਾਵੋ, ਜਿਸ ਦੇ ਬਾਰੇ ਤੁਸੀਂ ਸੋਚਦੇ ਹੋ ਮੈਂ ਉਹੋ ਹੀ ਹਾਂ। ਮੈਂ ਤੀਵੀਂ ਦੀ ਸੰਤਾਨ ਹਾਂ। ਮੈਂ ਦਾਊਦ ਦਾ ਪੁੱਤਰ ਹਾਂ। ਮੈਂ ਪਰਮੇਸ਼ੁਰ ਦਾ ਪੁੱਤਰ ਹਾਂ। ਮੈਂ ਕੁਆਰੀ ਤੋਂ ਜਨਮ ਲਿਆ ਹੈ। ਮੇਰੇ ਲਹੂ ਨੇ ਪ੍ਰਾਸਚਿਤ ਕੀਤਾ ਹੈ। ਤੁਸੀਂ ਭੇਡਾਂ ਅਤੇ ਬਕਰੀਆਂ ਦੇ ਲਹੂ ਹੇਠਾਂ ਇੰਤਜਾਰ ਕੀਤਾ ਹੈ, ਪਰ ਹੁਣ ਮੇਰਾ ਲਹੂ ਪ੍ਰਾਸਚਿਤ ਕਰਦਾ ਹੈ, ਅਤੇ ਤੁਸੀਂ ਆਜਾਦ ਹੋ। ਆਓ ਉਤਾਂਹ ਚੱਲੀਏ, ਈਸਟਰ ਕਰੀਬ ਆ ਰਿਹਾ ਹੈ।" ਜਰਾ ਸੋਚੋ, ਇਹ ਅੱਜ ਰਾਤ ਤੋਂ, ਉੱਨੀ ਸੌ ਅਤੇ ਕੁਝ ਸਾਲ ਪਹਿਲਾਂ ਹੋਇਆ ਸੀ।

97 ਮੈਂ ਅਬਰਾਹਾਮ ਨੂੰ ਇਹ ਆਖਦੇ ਹੋਏ ਸੁਣ ਸਕਦਾ ਹਾਂ, "ਪ੍ਰਭੂ ਅਸੀਂ ਦੁਬਾਰਾ ਕਦੋਂ ਆਪਣੀਆਂ ਦੇਹਾਂ ਵਿੱਚ ਜਾਵਾਂਗੇ; ਅਤੇ ਸਾਰਾਹ ਅਤੇ ਮੈਂ ਇਸਨੂੰ ਬਹੁਤ ਪਸੰਦ ਕਰਦੇ ਸੀ; ਜੇ ਅਸੀਂ ਤੁਹਾਡੇ ਰਾਹ ਵਿੱਚ ਥੋੜ੍ਹਾ ਜਿਹਾ ਸਿਟੀ ਵਜਾਉਣ ਲਈ ਰੁਕਦੇ ਹਾਂ, ਤਾਂ ਤੁਹਾਨੂੰ ਬੁਰਾ ਤਾਂ ਨਹੀਂ ਲੱਗੇਗਾ?"

98 ਅੱਛਾ, ਮੈਂ ਉਸਨੂੰ ਆਖਦੇ ਹੋਏ ਨੂੰ ਸੁਣ ਸਕਦਾ ਹਾਂ, "ਕਿਉਂ, ਨਹੀਂ, ਯਕੀਨਨ ਨਹੀਂ। ਮੈਂ ਆਪਣੇ ਚੇਲਿਆਂ ਨਾਲ ਲੱਗਭਗ ਚਾਲੀ ਦਿਨ ਠਹਿਰਨ ਵਾਲਾ ਹਾਂ। ਚਾਰੇ ਪਾਸੇ ਵੇਖੋ ਅਤੇ ਵੇਖੋ ਕਿ ਸਾਰਾ ਕੁਝ ਕਿਹੋ ਜਿਹਾ ਵਿਖਾਈ ਦਿੰਦਾ ਹੈ!"

99 ਉਸ ਸ਼ਾਨਦਾਰ ਇਸਟਰ ਦੀ ਸਵੇਰ ਨੂੰ (ਜੇ ਪ੍ਰਭੂ ਦੀ ਮਰਜੀ ਹੋਈ, ਤਾਂ ਅਸੀਂ ਸਵੇਰੇ ਇਸ ਨੂੰ ਵੇਖਾਂਗੇ) ਜਦੋਂ ਉਹ ਮੁਰਦਿਆਂ ਵਿੱਚੋਂ ਜੀ ਉੱਠਿਆ, ਸੰਤ ਮੱਤੀ 27 ਅਨੁਸਾਰ, ਬਾਈਬਲ ਆਖਦੀ ਹੈ, ਕਿ "ਬਹੁਤ ਸਾਰੇ ਸੰਤ ਜੋ ਧਰਤੀ ਦੀ ਮਿੱਟੀ ਵਿੱਚ ਸੁੱਤੇ ਪਏ ਸਨ, ਉਹ ਜੀ ਉੱਠੇ ਅਤੇ ਕਬਰਾਂ ਵਿੱਚੋਂ ਬਾਹਰ ਆ ਗਏ।" ਉਹ ਕੌਣ ਸਨ? ਅਬਰਾਹਾਮ, ਇਸਹਾਕ, ਯਾਕੂਬ, ਅਯੂਬ, ਜੋ ਆਤਮਿਕ ਤੌਰ ਨਾਲ ਪ੍ਰਗਟ ਕੀਤੇ ਗਏ ਪ੍ਰਕਾਸ਼ਨ ਰਾਹੀਂ ਜਾਣਦੇ ਸਨ ਕਿ ਛੁਟਕਾਰਾ ਦੇਣ ਵਾਲਾ ਇੱਕ ਦਿਨ ਧਰਤੀ ਉੱਤੇ ਖੜਾ ਹੋਵੇਗਾ। ਇਹ ਉਹੋ ਹੀ ਸਨ, ਸੁੱਤੇ ਹੋਇਆਂ ਵਿੱਚੋਂ ਪਹਿਲਾ ਫਲ ਸਨ। ਉਹ ਸ਼ਹਿਰ ਵਿੱਚ ਤੁਰੇ ਫਿਰੇ। ਮੈਂ ਸਾਰਾਹ ਅਤੇ ਅਬਰਾਹਾਮ ਨੂੰ ਜਵਾਨੀ ਅਤੇ ਸੁੰਦਰਤਾ ਵਿੱਚ ਭਰਪੂਰ ਵੇਖ ਸਕਦਾ ਹਾਂ, ਅਤੇ...ਸੋਹਣਾ, ਅਤੇ—ਅਤੇ ਜੀਵਨ ਨਾਲ ਭਰਪੂਰ, ਕਦੇ ਵੀ ਨ ਬੁੱਢੇ ਹੋਣ ਲਈ, ਕਦੇ ਵੀ ਨਾ ਬਿਮਾਰ ਹੋਣ ਲਈ, ਕਦੇ ਵੀ ਨਾ ਭੁੱਖੇ ਹੋਣ ਲਈ, ਆਪਣੀਆਂ ਦੇਹਾਂ ਵਿੱਚ ਤੁਰ ਫਿਰ ਰਹੇ ਸਨ।

100 ਕੈਫ਼ਾਸ ਉੱਥੇ ਖੜ੍ਹਾ ਸੀ, ਆਖ ਰਿਹਾ ਸੀ, "ਤੁਸੀਂ ਜਾਣਦੇ ਹੋ ਕਿ ਕੀ ਗੱਲ ਹੈ? ਉਸ ਦਿਨ ਕੁਝ ਵਾਪਰਿਆ ਸੀ, ਜਰਾ ਹੈਕਲ ਵਿੱਚ ਇਸ ਖਲਾਰੇ ਨੂੰ ਵੇਖੋ! ਉੱਥੇ ਹੈ...ਅਸੀਂ ਕਿਸੇ ਕੋਲੋਂ ਇਸ ਪਰਦੇ ਨੂੰ ਸਿਲਾਈ ਕਰਵਾਉਣ ਜਾ ਰਹੇ ਹਾਂ। ਇਹਨਾਂ ਮੁੱਧੇ ਪਏ, ਕੁਰਬਾਨੀ ਦੇ ਬਕਸਿਆਂ ਵੱਲ ਵੇਖੋ। ਕੀ ਹੋਇਆ ਹੈ? ਕੀ ਉਹ ਕੋਈ ਜੋਤਸ਼ੀ ਸੀ? ਕੀ ਉਹ ਜਾਦੂਗਰ ਸੀ? ਜਾਂ, ਕੀ ਹੋਇਆ ਹੈ? ਬੋਲੋ! ਇੱਧਰ ਆਓ, ਯੋਸੇਫ਼ਸ, ਜਿਹੜਾ ਜਵਾਨ ਜੋੜਾ ਉੱਥੇ ਖੜਾ ਹੈ ਉਹ ਕੌਣ ਹੈ?"

ਅਬਰਾਹਾਮ ਨੇ ਕਿਹਾ, "ਸਾਰਾਹ, ਅਸੀਂ ਪਛਾਣ ਲਏ ਗਏ ਹਾਂ। ਚੰਗਾ ਹੋਵੇਗਾ ਕਿ ਅਸੀਂ ਇੱਥੋਂ ਬਾਹਰ ਚਲੇ ਜਾਈਏ।"

101 "ਬਹੁਤਿਆਂ ਨੂੰ ਵਿਖਾਈ ਦਿੱਤੇ!" ਇਹੋ ਹੀ ਸਭ ਕੁੱਝ ਨਹੀਂ ਸੀ। ਸਮਾਪਤ ਕਰਦੇ ਹੋਏ, ਧਿਆਨ ਦਿਓ। ਇੱਕ ਦਿਨ ਜਦੋਂ ਉਹਨੇ ਆਪਣਾ ਕੰਮ ਖਤਮ ਕਰ ਲਿਆ...ਉਹ ਉੱਥੇ ਗਏ; ਅਬਰਾਹਾਮ, ਇਸਹਾਕ, ਯਾਕੂਬ ਅਤੇ ਉਹ ਸਾਰੇ ਆਪਣੇ ਘਰ ਦੀ ਧਰਤੀ ਵਿੱਚ ਗਏ। ਜਦੋਂ ਯਿਸੂ ਉਤਾਂਹ ਚੜ੍ਹਿਆ...

102 ਤੁਸੀਂ ਆਖਦੇ ਹੋ, "ਭਾਈ ਬ੍ਰਨਹਾਮ, ਕੀ ਇਹ ਕੋਈ ਮਨ ਘੜਤ ਕਹਾਣੀ ਹੈ?" ਨਹੀਂ, ਸ਼੍ਰੀਮਾਨ! ਇੱਕ ਮਿੰਟ ਵਿੱਚ, ਮੈਂ ਤੁਹਾਨੂੰ ਇਹ ਵਚਨ ਵਿੱਚੋਂ ਵਿਖਾਵਾਂਗਾ।

103 ਜਦੋਂ ਉਹਨੇ ਉਤਾਂਹ ਜਾਣਾ ਸ਼ੁਰੂ ਕੀਤਾ, ਉਹਨਾਂ ਨੇ ਕੇਵਲ ਉਸਨੂੰ ਹੀ ਵੇਖਿਆ, ਪਰ ਪੁਰਾਣੇ ਨੇਮ ਦੇ ਸੰਤ ਵੀ ਉਸਦੇ ਨਾਲ ਗਏ ਸਨ, ਕਿਉਂਕਿ ਬਾਈਬਲ ਆਖਦੀ ਹੈ ਕਿ, "ਉਸਨੇ ਬੰਧਨਾਂ ਨੂੰ ਬੰਨ੍ਹ ਲਿਆ, ਅਤੇ ਮਨੁੱਖਾਂ ਨੂੰ ਦਾਨ ਦਿੱਤੇ।" ਅਤੇ ਮੈਂ ਵੇਖ ਸਕਦਾ ਹਾਂ ਕਿ ਉਹ ਉਤਾਂਹ ਜਾਂਦਾ ਹੈ, ਅਤੇ ਆਪਣੀ ਕਲੀਸੀਆ ਨਾਲ ਮਿਲਦਾ ਹੈ।

104 ਦੋ ਸਵਰਗਦੂਤ ਜੋ ਬੈਂਡ ਨਾਲ ਸੰਗੀਤ ਵਜਾ ਰਹੇ ਸਨ, ਉੱਥੇ ਵਾਪਸ ਆਏ, ਅਤੇ ਆਖਿਆ, "ਹੇ ਗਲੀਲੀ ਪੁਰਖੋ, ਤੁਸੀਂ ਕਿਉਂ ਖੜੇ ਆਕਾਸ਼ ਦੀ ਵੱਲ ਵੇਖਦੇ ਹੋ? ਇਹ ਯਿਸੂ ਹੈ ਜਿਹੜਾ ਤੁਹਾਡੇ ਕੋਲੋਂ ਆਕਾਸ਼ ਉੱਪਰ ਉਠਾ ਲਿਆ ਗਿਆ ਹੈ, ਉਹ ਉਸੇ ਤਰ੍ਹਾਂ ਦੁਬਾਰਾ ਵਾਪਿਸ ਆਵੇਗਾ।" ਯਕੀਨਨ! ਉਹ ਛੇਤੀ ਨਾਲ ਉਸ ਜਲਸੇ ਵਿੱਚ ਸ਼ਾਮਿਲ ਹੋਣ ਲਈ ਵਾਪਿਸ ਚਲੇ ਗਏ।

105 ਅਤੇ ਅਕਾਸ਼ਾਂ ਵਿੱਚੋਂ ਦੀ ਹੁੰਦੇ ਹੋਏ ਯਿਸੂ ਅਤੇ ਪੁਰਾਣੇ ਨੇਮ ਦੇ ਸੰਤ ਚਲੇ ਗਏ। ਉਹਨਾਂ ਨੇ ਚੰਦ ਨੂੰ ਪਾਰ ਕੀਤਾ, ਉਹਨਾਂ ਨੇ ਸੂਰਜ ਨੂੰ ਪਾਰ ਕੀਤਾ, ਉਹਨਾਂ ਨੇ ਤਾਰਿਆਂ ਨੂੰ ਪਾਰ ਕੀਤਾ। ਅਤੇ ਜਦੋਂ ਮਹਾਨ, ਸੁੰਦਰ, ਸਫੇਦ ਸਵਰਗ ਉਹਨਾਂ ਦੀ ਨਜਰੀ ਪਿਆ, ਪੁਰਾਣੇ ਨੇਮ ਦੇ ਸੰਤ ਵਚਨ ਦਾ ਹਵਾਲਾ ਦਿੰਦੇ ਹੋਏ ਪੁਕਾਰ ਉੱਠੇ, "ਉੱਚੇ ਉਠੋ, ਹੇ ਆਦਿ ਦਰਵਾਜਿਓ, ਅਤੇ ਆਪਣੇ ਸਿਰ ਉੱਚੇ ਕਰੋ! ਉੱਚੇ ਉਠੋ, ਹੇ ਆਦਿ ਦਰਵਾਜਿਓ, ਅਤੇ ਆਪਣੇ ਸਿਰ ਉੱਚੇ ਕਰੋ! ਅਤੇ ਜਲਾਲ ਦੇ ਪਾਤਸ਼ਾਹ ਨੂੰ ਅੰਦਰ ਆਉਣ ਦਿਓ!"

106 ਸਾਰੇ ਸਵਰਗਦੂਤ ਸਵਰਗ ਦੇ ਬਨੇਰਿਆਂ ਉੱਤੇ ਜਮਾਂ ਹੋ ਗਏ, ਅਤੇ ਆਖਿਆ, "ਇਹ ਜਲਾਲ ਦਾ ਪਾਤਸ਼ਾਹ ਕੌਣ ਹੈ?"

107 ਪੁਰਾਣੇ ਨੇਮ ਦੇ ਸੰਤਾਂ ਨੇ ਆਖਿਆ, "ਸੈਨਾ ਦਾ ਯਹੋਵਾਹ, ਜੋ ਯੁੱਧ ਵਿੱਚ ਬਲੀ ਹੈ! ਉਹ ਜੇਤੂ ਹੈ!"

108 ਸਵਰਗਦੂਤ ਨੇ ਇੱਕ ਵੱਡਾ ਜਿਹਾ ਬਟਨ ਦੱਬਿਆ, ਅਤੇ ਮੋਤੀਆਂ ਦੇ ਫਾਟਕ ਖੁੱਲ੍ਹ ਗਏ।

109 ਉਹ ਮਹਾਨ ਬਲੀ ਜੇਤੂ ਪੁਰਾਣੇ ਨੇਮ ਦੇ ਸੰਤਾਂ ਨੂੰ ਨਾਲ ਲੈ ਕੇ ਯਰੂਸ਼ਲਮ ਦੇ ਸ਼ਹਿਰ ਵਿੱਚੋਂ ਦੀ, ਹੁੰਦਾ ਹੋਇਆ ਆਇਆ। ਸਵਰਗ ਦੂਤਾਂ ਦੇ ਜਥੇ ਸੰਗੀਤ ਵਜਾ ਰਹੇ ਸਨ, ਅਤੇ ਸਵਰਗਦੂਤ ਰੌਲਾ ਪਾ ਰਹੇ ਸਨ। ਉਹ ਮਹਾਨ ਵਿਜੇਤਾ ਸੀ! ਉਸਦੇ ਇੱਕ ਪਾਸੇ ਮੌਤ ਅਤੇ ਪਤਾਲ ਦੀਆਂ ਕੁੰਜੀਆਂ ਲਟਕ ਰਹੀਆਂ ਸਨ, ਮਹਿਮਾ ਦੇ ਮਹਿਲਾਂ ਵਿੱਚੋਂ ਦੀ ਹੁੰਦਾ ਹੋਇਆ ਉਹ ਸਿੰਘਾਸਨ ਤਕ ਪਹੁੰਚ ਗਿਆ। ਅਤੇ ਉਸਨੇ ਆਖਿਆ, "ਪਿਤਾ, ਉਹ ਇੱਥੇ ਹਨ। ਉਹਨਾਂ ਨੇ ਤੇਰੇ ਵਚਨ ਉੱਤੇ ਨਿਹਚਾ ਕੀਤੀ, ਵਿਸ਼ਵਾਸ ਕੀਤਾ, ਕਿ ਮੈਂ ਕਿਸੇ ਦਿਨ ਆਵਾਂਗਾ। ਮੈਂ ਮੌਤ ਅਤੇ ਪਤਾਲ ਦੋਨਾਂ ਨੂੰ ਜਿੱਤ ਲਿਆ ਹੈ।" ਇਹ ਕੀ ਸੀ, ਭਾਈ? ਇਹ

ਵਿਖਾਉਣ ਲਈ ਕਿ ਉਹ ਯੁੱਧ ਵਿੱਚ ਸੀ, ਉਹਦੇ ਹੱਥਾਂ ਉੱਤੇ ਨਿਸ਼ਾਨ ਸਨ। ਪਰਮਧਾਮ ਵਿੱਚ ਪਰਮੇਸ਼ੁਰ ਦੀ ਮਹਿਮਾ ਹੋਵੇ! ਉਹ ਮਹਾਨ ਵਿਜੇਤਾ ਹੈ! "ਪਿਤਾ, ਉਹ ਇੱਥੇ ਹਨ; ਅਬਰਾਹਾਮ, ਇਸਹਾਕ, ਅਤੇ ਯਾਕੂਬ।"

110 ਮੈਂ ਉਹਨੂੰ ਇਹ ਆਖਦੇ ਸੁਣ ਸਕਦਾ ਹਾਂ, "ਪੁੱਤਰ, ਮੇਰੇ ਕੋਲ ਉਤਾਂਹ ਆ ਜਾ, ਅਤੇ ਬੈਠ ਜਾ ਜਦ ਤਕ ਮੈਂ ਤੇਰੇ ਸਾਰੇ ਵੈਰੀਆਂ ਨੂੰ ਤੇਰੇ ਪੈਰ ਰੱਖਣ ਦੀ ਚੌਂਕੀ ਨਾ ਕਰ ਦਿਆਂ।" ਭਾਈ, ਕਿਸੇ ਦਿਨ ਉਹ ਦੁਬਾਰਾ ਆਵੇਗਾ, ਅਤੇ ਉਹ ਕਿਹੋ ਜਿਹਾ ਦਿਨ ਹੋਵੇਗਾ!

111 ਜਦੋਂ ਉਹ ਕਬਰ ਵਿੱਚ ਸੀ ਤਾਂ ਉਹ ਵਿਹਲਾ ਨਹੀਂ ਸੀ। ਅਸੀਂ ਸੋਚਦੇ ਹਾਂ ਕਿ ਉਹ ਬਸ ਉੱਥੇ, ਮਰਿਆ ਹੋਇਆ ਪਿਆ ਸੀ। ਪਰ ਉਹ ਉਸ ਸਮੇਂ ਵੀ ਹੇਠਾਂ ਜਿੱਤ ਪ੍ਰਾਪਤ ਕਰ ਰਿਹਾ ਸੀ, ਉਹ ਹੇਠਾਂ ਗਿਆ ਅਤੇ ਸ਼ੈਤਾਨ ਕੋਲੋਂ ਕੁੰਜੀਆਂ ਲੈ ਲਈਆਂ, ਅੱਜ ਰਾਤ, ਉਸਦੇ ਕੋਲ ਮੌਤ ਅਤੇ ਪਤਾਲ ਦੋਹਾਂ ਦੀਆਂ ਕੁੰਜੀਆਂ ਹਨ। ਉਸਨੇ ਆਖਿਆ, "ਕਿਉਂਕਿ ਮੈਂ ਜਿਉਂਦਾ ਹਾਂ, ਤੁਸੀਂ ਵੀ, ਜਿਉਂਦੇ ਰਹਿ ਸਕਦੇ ਹੋ।"

112 ਮੇਰੇ ਪਿਆਰੇ ਭਾਈ, ਭੈਣ, ਅੱਜ ਰਾਤ, ਮੈਂ ਹੈਰਾਨ ਹਾਂ ਕੀ ਤੁਸੀਂ ਗੰਭੀਰਤਾਈ ਨਾਲ ਇਸ ਬਾਰੇ ਸੋਚਿਆ ਹੈ? ਕੀ ਤੁਹਾਨੂੰ ਇਸ ਗੱਲ ਦਾ ਅਹਿਸਾਸ ਹੈ ਕਿ ਤੁਸੀਂ ਇਸ ਲਈ ਜਿਉਂਦੇ ਹੋ ਕਿਉਂਕਿ ਉਹ ਜਿਉਂਦਾ ਹੈ? ਕੀ ਤੁਸੀਂ ਇਸ ਦੀ ਪ੍ਰਸ਼ੰਸਾ ਕੀਤੀ ਹੈ ਕਿ ਆਪਣੇ ਆਪ ਨੂੰ ਸਮਰਪਿਤ ਕਰੋ ਅਤੇ ਆਖੋ, "ਪਰਮੇਸ਼ੁਰ, ਮੈਂ ਇੱਥੇ ਹਾਂ, ਇੱਕ ਪਾਪੀ, ਮੇਰੇ ਉੱਤੇ ਦਇਆ ਕਰ"? ਕੀ ਤੁਸੀਂ ਉਸ ਉਚਿਤ ਕੁਰਬਾਨੀ ਨੂੰ ਸਵਿਕਾਰ ਕੀਤਾ ਹੈ? ਕੀ ਤੁਸੀਂ ਉਹਨੂੰ ਕਦੇ ਇਹ ਦੱਸਿਆ ਹੈ ਕਿ ਤੁਸੀਂ ਉਸਨੂੰ ਪਿਆਰ ਕਰਦੇ ਹੋ? ਜਦੋਂ ਤੁਸੀਂ ਕੋਈ ਗਲਤ ਕੰਮ ਕਰਦੇ ਹੋ ਕੀ ਇਹ ਤੁਹਾਡੀਆਂ ਭਾਵਨਾਵਾਂ ਨੂੰ ਠੇਸ ਪਹੁੰਚਾਉਂਦਾ ਹੈ? ਹੁਣ ਜੇਕਰ ਇਸ ਦਫ਼ਨਾਏ ਜਾਣ ਦੇ, ਤਜਰਬੇ ਤਕ ਕਦੇ ਨਹੀਂ ਪਹੁੰਚੇ ਹੋ! ਜਦੋਂ ਕਿ, ਸਾਡਾ ਸਮਾਂ ਖਤਮ ਹੋ ਰਿਹਾ ਹੈ। ਬਸ ਵਧੀਆ ਮਹਿਸੂਸ ਕਰ ਰਿਹਾ ਹਾਂ! ਪਰ, ਮੈਂ ਹੈਰਾਨ ਹਾਂ ਕਿ, ਹੁਣ ਜੇਕਰ ਤੁਸੀਂ ਕਦੇ ਮਸੀਹ ਨੂੰ ਆਪਣਾ ਨਿੱਜੀ ਮੁਕਤੀਦਾਤਾ ਕਬੂਲ ਨਹੀਂ ਕੀਤਾ, ਮੈਂ ਸੋਚਦਾ ਹਾਂ ਕਿ ਕੀ ਤੁਸੀਂ ਇਹ ਕਰੋਗੇ ਜਦੋਂ ਅਸੀਂ ਕੁਝ ਪਲਾਂ ਲਈ ਆਪਣਾ ਸਿਰ ਝੁਕਾ ਕੇ ਇੱਕ ਪ੍ਰਾਰਥਨਾ ਵਿੱਚ ਸ਼ਾਮਲ ਹੁੰਦੇ ਹਾਂ।

113 ਉਸ ਗੀਤ ਦੀ ਧੁਨ ਵਜਾਓ, *ਫਟਦੀਆਂ ਹੋਈਆਂ ਚਟਾਨਾਂ ਦੇ ਵਿਚਕਾਰ*, ਭੈਣ ਗਰਟੀ, ਕੀ ਤੁਸੀਂ ਅਜਿਹਾ ਕਰੋਗੇ, ਜੇਕਰ ਤੁਹਾਡੇ ਕੋਲ ਉਹ ਗੀਤ ਹੈ। ਠੀਕ ਹੈ, ਕੁਝ ਵੀ ਚੱਲੇਗਾ।

114 ਆਪਣੇ ਸਿਰਾਂ ਨੂੰ ਝੁਕਾਏ ਹੋਏ, ਮੈਂ ਤੁਹਾਡੇ ਕੋਲੋਂ ਇੱਕ ਅਸਲੀ, ਗੰਭੀਰ

ਪ੍ਰਸ਼ਨ ਪੁੱਛਣਾ ਚਾਹੁੰਦਾ ਹਾਂ। ਮਿੱਤਰੋ ਯਾਦ ਰੱਖੋ, ਤੁਸੀਂ ਚਾਹੇ ਪਾਪੀ ਹੋ ਜਾਂ ਸੰਤ ਹੋ, ਜਦੋਂ ਅਸੀਂ ਤੁਹਾਨੂੰ ਦਫਨਾਉਂਦੇ ਹਾਂ, ਤੁਹਾਡਾ ਅਸਤਿਤਵ ਖਤਮ ਨਹੀਂ ਹੁੰਦਾ। ਤੁਹਾਡਾ ਪ੍ਰਾਣ ਕਿਤੇ ਨਾ ਕਿਤੇ ਹੁੰਦਾ ਹੈ। ਹੁਣ, ਵਚਨ ਦੇ ਮੁਤਾਬਿਕ, ਯਿਸੂ ਦੋਨਾਂ ਥਾਵਾਂ ਵਿੱਚ ਗਿਆ। ਜੇਕਰ ਤੁਸੀਂ ਅੱਜ ਰਾਤ ਚਲੇ ਜਾਂਦੇ ਹੋ ਤਾਂ ਉਹ ਤੁਹਾਨੂੰ ਕਿੱਥੇ ਮਿਲੇਗਾ? ਕੀ ਤੁਹਾਡੇ ਸਾਹਮਣਿਓ ਕਿਰਪਾ ਦਾ ਦਰਵਾਜਾ ਬੰਦ ਕਰ ਦਿੱਤਾ ਜਾਵੇਗਾ, ਕਿਉਂਕਿ ਤੁਸੀਂ ਉਸ ਦਾ ਇਨਕਾਰ ਕੀਤਾ ਹੈ? ਯਾਦ ਰੱਖੋ, ਉਹ ਸਿਰਫ਼ ਮੁਕਤੀਦਾਤਾ ਹੀ ਨਹੀਂ ਹੈ, ਪਰ ਉਹ ਨਿਆਈ ਵੀ ਹੈ। ਹੁਣ ਤੁਸੀਂ ਨਿਆਈ ਹੋ, ਤੁਸੀਂ ਕਿਵੇਂ ਉਹਦਾ ਨਿਆਂ ਕਰਦੇ ਹੋ? ਹੁਣ ਤੁਸੀਂ ਉਹ ਨੂੰ ਆਪਣਾ ਮੁਕਤੀਦਾਤਾ ਹੋ ਲੈਣ ਦਿਓ।

115 ਇੱਕ ਛੋਟੀ ਕਹਾਣੀ ਮੇਰੇ ਮਨ ਵਿੱਚ ਆਉਂਦੀ ਹੈ। ਕੁਝ ਸਮੇਂ ਪਹਿਲਾਂ, ਇੱਕ ਛੋਟਾ ਮੁੰਡਾ ਇੱਕ ਰਥ ਵਿੱਚ ਬੈਠਿਆ ਹੋਇਆ ਸੀ। ਸੜਕ ਉੱਤੇ ਗੋਲੀ ਚੱਲਣ ਲੱਗ ਪਈ, ਅਤੇ ਘੋੜੇ ਦੌੜਨ ਲੱਗ ਪਏ, ਅਤੇ ਉਹ ਚਟਾਨਾਂ ਦੇ ਉੱਪਰੋਂ ਦੀ ਜਾ ਰਿਹਾ ਸੀ। ਇੱਕ ਜਵਾਨ ਘੁੜਸਵਾਰ ਮੁੰਡਾ ਦੌੜਿਆ ਅਤੇ ਇਸ ਤੋਂ ਪਹਿਲਾਂ ਕਿ ਗੱਡੀ ਚਟਾਨਾਂ ਦੇ ਹੇਠਾਂ ਚਲੀ ਜਾਂਦੀ ਉਸਨੇ ਘੋੜਿਆਂ ਨੂੰ ਰੋਕਿਆ, ਕਿਉਂਕਿ ਉਸ ਦੇ ਉੱਤੇ ਇੱਕ ਬੱਚਾ ਸੀ। ਉਹਨੇ ਉਸ ਛੋਟੇ ਬੱਚੇ ਦੀ ਜਾਨ ਬਚਾਈ।

116 ਇਸ ਗੱਲ ਤੋਂ ਬਹੁਤ ਸਾਲਾਂ ਬਾਅਦ, ਉਹ ਅਦਾਲਤ ਵਿੱਚ ਖੜ੍ਹਾ ਸੀ। ਉਸੇ ਮੁੰਡੇ ਨੇ ਇੱਕ ਜੁਰਮ ਕੀਤਾ ਸੀ, ਇੱਕ ਗਲਤ ਰਾਹ ਅਪਨਾ ਲਿਆ ਸੀ, ਉਹ ਦੋਸ਼ੀ ਸੀ। ਉਹ ਸ਼ਰਾਬ ਪੀਂਦਾ ਸੀ, ਜੂਆ ਖੇਡਦਾ ਸੀ, ਇੱਕ ਆਦਮੀ ਨੂੰ ਗੋਲੀ ਮਾਰ ਦਿੱਤੀ ਸੀ; ਉਹ ਦੋਸ਼ੀ ਸੀ, ਅਤੇ ਉਹ ਦੋਸ਼ੀ ਪਾਇਆ ਗਿਆ ਸੀ। ਅਤੇ ਨਿਆਈ ਖੜ੍ਹਾ ਹੋਇਆ ਅਤੇ ਆਖਿਆ, “ਮੈਂ ਤੈਨੂੰ ਇਹ ਸਜਾ ਸੁਣਾਉਂਦਾ ਹਾਂ ਕਿ ਤੈਨੂੰ ਤਦ ਤਕ ਫਾਂਸੀ ਤੇ ਲਟਕਾਇਆ ਜਾਵੇ ਜਦ ਤਕ ਤੇਰਾ ਇਹ ਨਾਸਵਾਨ ਜੀਵਨ ਖਤਮ ਨਾ ਹੋ ਜਾਵੇ।”

117 ਉਸ ਜਵਾਨ ਆਦਮੀ ਨੇ ਆਖਿਆ, “ਜਜ ਸਾਹਬ!” ਅਤੇ ਉਸ ਨੇ ਅਦਾਲਤ ਦੇ ਨਿਯਮ ਨੂੰ ਤੋੜ ਦਿੱਤਾ, ਅਤੇ ਕਟਿਹਰੇ ਨੂੰ ਟੱਪ ਲਿਆ ਅਤੇ ਦਇਆ ਮੰਗਣ ਲਈ, ਨਿਆਈ ਦੇ ਪੈਰਾਂ ਤੇ ਡਿੱਗ ਪਿਆ। ਉਸਨੇ ਕਿਹਾ, “ਜਜ ਸਾਹਬ, ਮੇਰੇ ਚਿਹਰੇ ਵੱਲ ਵੇਖੋ! ਕੀ ਤੁਸੀਂ ਮੈਨੂੰ ਨਹੀਂ ਜਾਣਦੇ?”

ਉਸਨੇ ਆਖਿਆ, “ਨਹੀਂ, ਪੁੱਤਰ, ਮੈਂ ਨਹੀਂ ਜਾਣਦਾ।”

118 ਉਸਨੇ ਆਖਿਆ, “ਕੀ ਤੁਹਾਨੂੰ ਯਾਦ ਹੈ ਕਿ ਬਹੁਤ ਸਾਲ ਪਹਿਲਾਂ ਤੁਸੀਂ ਦੌੜਦੇ ਹੋਏ ਘੋੜੇ ਤੋਂ ਇੱਕ ਬੱਚੇ ਦੀ ਜਾਨ ਬਚਾਈ ਸੀ?”

ਉਸਨੇ ਆਖਿਆ, “ਹਾਂ, ਮੈਨੂੰ ਯਾਦ ਹੈ।”

119 ਉਹਨੇ ਆਖਿਆ, “ਮੈਂ ਉਹੋ ਹੀ ਮੁੰਡਾ ਹਾਂ।” ਉਸਨੇ ਆਖਿਆ, “ਜਜ ਸਾਹਬ, ਤਦ ਤੁਸੀਂ ਮੈਨੂੰ ਬਚਾਇਆ ਸੀ। ਹੁਣ ਵੀ ਮੈਨੂੰ ਬਚਾ ਲਓ!”

120 ਨਿਆਈ ਨੇ ਉਹਦੇ ਵੱਲ ਵੇਖਿਆ, ਅਤੇ ਕਿਹਾ, “ਪੁੱਤਰ, ਉਸ ਦਿਨ ਮੈਂ ਤੇਰਾ ਬਚਾਉਣ ਵਾਲਾ ਸੀ। ਅੱਜ ਮੈਂ ਤੇਰਾ ਨਿਆਈ ਹਾਂ।”

121 ਅੱਜ ਉਹ ਤੁਹਾਡਾ ਬਚਾਉਣ ਵਾਲਾ ਹੈ, ਪਾਪੀ, ਸ਼ਾਇਦ ਕੱਲ ਉਹ ਤੁਹਾਡਾ ਨਿਆਈ ਹੋਵੇ। ਜਦ ਸੰਗੀਤ ਵੱਜ ਰਿਹਾ ਹੈ, ਆਓ ਹੁਣ ਇਸਦੇ ਬਾਰੇ ਸੋਚੀਏ। ਅਤੇ ਸਾਰੇ ਪ੍ਰਾਰਥਨਾ ਕਰ ਰਹੇ ਹਨ, ਜੋ ਪਰਮੇਸ਼ੁਰ ਦੇ ਨਾਲ ਪ੍ਰਾਰਥਨਾ ਵਾਲੇ ਸਥਾਨ ਤੇ ਹਨ।

122 ਮੈਂ ਸੋਚਦਾ ਹਾਂ ਕਿ ਅੱਜ ਰਾਤ, ਜਲਦੀ ਨਾਲ, ਉਹ ਕੌਣ ਹਨ ਜੋ ਮਸੀਹ ਨੂੰ ਆਪਣਾ ਨਿੱਜੀ ਮੁਕੱਦਰਕਰਤਾ ਵਜੋਂ ਸਵੀਕਾਰਨਾ ਚਾਹੁੰਦੇ ਹਨ, ਕਹੋ, “ਪਰਮੇਸ਼ੁਰ, ਮੇਰੇ ਪਾਪੀ, ਉੱਤੇ ਰਹਿਮ ਕਰ। ਮੈਂ ਬਹਾਏ ਹੋਏ ਲਹੂ ਦੇ ਹੇਠਾਂ ਆਉਣਾ ਚਾਹੁੰਦਾ ਹਾਂ। ਮੈਂ ਇੱਕ ਥਾਂ ਤੋਂ ਦੂਜੀ ਥਾਂ ਤਕ ਦੌੜਦਾ ਹੋਇਆ ਅਤੇ ਚਰਚਾਂ ਵਿੱਚ ਸ਼ਾਮਿਲ ਹੁੰਦਾ ਹੋਇਆ ਥੱਕ ਚੁੱਕਾ ਹਾਂ। ਮੈਂ ਨਵੇਂ ਸਿਰਿਓਂ ਜਨਮ ਲੈਣਾ ਚਾਹੁੰਦਾ ਹਾਂ। ਮੈਂ ਆਪਣੇ ਹਿਰਦੇ ਵਿੱਚ ਉਸ ਅਨੁਭਵ ਨੂੰ ਚਾਹੁੰਦਾ ਹਾਂ ਕਿ ਮੈਂ ਇਹ ਜਾਣਦਾ ਹਾਂ ਕਿ ਮਸੀਹ ਨੇ ਆਪਣੇ ਆਪ ਨੂੰ ਮੇਰੇ ਉੱਤੇ ਪ੍ਰਗਟ ਕੀਤਾ ਹੈ, ਉਸ ਆਤਮਿਕ ਪ੍ਰਕਾਸ਼ਨ ਦੇ ਰਾਹੀਂ ਜਿਸ ਦੇ ਬਾਰੇ ਤੁਸੀਂ ਹੁਣੇ ਗੱਲ ਕੀਤੀ ਹੈ, ਭਾਈ ਬ੍ਰਨਹਾਮ। ਮੈਂ ਆਤਮਿਕ ਪ੍ਰਕਾਸ਼ਨ ਨੂੰ ਚਾਹੁੰਦਾ ਹਾਂ, ਆਪਣੇ ਹਿਰਦੇ ਵਿੱਚ ਪਵਿੱਤਰ ਆਤਮਾ ਨੂੰ ਚਾਹੁੰਦਾ ਹਾਂ, ਜੋ ਮੈਨੂੰ ਜਿਉਂਦਾ ਕਰੇ, ਮੇਰੇ ਲਈ ਮਸੀਹ ਨੂੰ ਉਸ ਤੋਂ ਵੀ ਵੱਧ ਅਸਲ ਬਣਾਵੇ ਜਿਨਾਂ ਮੈਂ ਆਪਣੇ ਲਈ ਹਾਂ। ਭਾਈ ਬ੍ਰਨਹਾਮ, ਮੈਂ ਉਸ ਤਜਰਬੇ ਨੂੰ ਚਾਹੁੰਦਾ ਹਾਂ। ਜਦੋਂ ਮੈਂ ਆਪਣੇ ਹੱਥ ਨੂੰ ਉੱਪਰ ਚੁੱਕਦਾ ਹਾਂ ਤਾਂ ਕੀ ਤੁਸੀਂ ਮੇਰੇ ਲਈ ਪ੍ਰਾਰਥਨਾ ਕਰੋਗੇ?” ਜੋ ਚਾਹੁੰਦੇ ਹਨ ਕਿ ਉਹਨਾਂ ਨੂੰ ਪ੍ਰਾਰਥਨਾ ਵਿੱਚ ਯਾਦ ਕੀਤਾ ਜਾਵੇ, ਕੀ ਹੁਣ ਉਹ ਆਪਣਾ ਹੱਥ ਉੱਪਰ ਉਠਾਉਣਗੇ। ਇਸਤ੍ਰੀ, ਪਰਮੇਸ਼ੁਰ ਤੁਹਾਨੂੰ ਬਰਕਤ ਦੇਵੇ। ਪਿੱਛੇ ਇਸਤ੍ਰੀ, ਪਰਮੇਸ਼ੁਰ ਤੁਹਾਨੂੰ ਬਰਕਤ ਦੇਵੇ। ਇਹ ਵਧੀਆ ਗੱਲ ਹੈ। ਪਰਮੇਸ਼ੁਰ ਤੁਹਾਨੂੰ ਬਰਕਤ ਦੇਵੇ, ਸ਼੍ਰੀਮਾਨ। ਇਹ ਚੰਗੀ ਗੱਲ ਹੈ। ਆਪਣੇ ਹੱਥਾਂ ਨੂੰ ਉਠਾਉ, ਹੁਣ ਆਪਣੇ ਹੱਥਾਂ ਨੂੰ ਉੱਪਰ ਉਠਾਏ ਹੋਏ ਖੜੇ ਹੋ ਜਾਓ।

123 ਕਿਸ ਤਰ੍ਹਾਂ ਤੁਸੀਂ ਸ਼ਰਮਸਾਰ ਹੋ ਸਕਦੇ ਹੋ? ਮਿੱਤਰ, ਕੀ ਤੁਸੀਂ ਉਸ ਚੀਜ ਨੂੰ ਠੁਕਰਾ ਸਕਦੇ ਹੋ? ਯਾਦ ਰੱਖੋ।

124 “ਔਹ,” ਤੁਸੀਂ ਆਖਦੇ ਹੋ, “ਭਾਈ ਬ੍ਰਨਹਾਮ, ਪ੍ਰਚਾਰਕਾਂ ਨੇ ਸਾਲਾਂ ਬੱਧੀ ਪ੍ਰਚਾਰ ਕੀਤਾ।” ਮੈਂ ਜਾਣਦਾ ਹਾਂ, ਪਰ ਇਹਨਾਂ ਹੀ ਦਿਨਾਂ ਵਿੱਚੋਂ ਕਿਸੇ ਦਿਨ ਉਹ ਪ੍ਰਚਾਰ ਕਰਨਾ ਬੰਦ ਕਰ ਦੇਣਗੇ। ਅਤੇ ਜਿਸ ਤਰ੍ਹਾਂ ਚੀਜਾਂ ਵਿਖਾਈ ਦਿੰਦੀਆਂ

ਹਨ, ਇਹ ਬਹੁਤ ਜਲਦੀ ਹੋ ਸਕਦਾ ਹੈ। ਤੁਸੀਂ ਆਪਣਾ ਆਖਰੀ ਸੰਦੇਸ਼ ਸੁਣਨ ਜਾ ਰਹੇ ਹੋ। ਸਪਸ਼ਟ ਰੂਪ ਵਿੱਚ, ਇਹ ਤੁਹਾਡਾ ਆਖਰੀ ਸੰਦੇਸ਼ ਹੋ ਸਕਦਾ ਹੈ।

125 "ਔਹ," ਤੁਸੀਂ ਆਖਦੇ ਹੋ, "ਮੈਂ ਜਵਾਨ ਹਾਂ।" ਇਹਦੇ ਨਾਲ ਕੋਈ ਫਰਕ ਨਹੀਂ ਪੈਂਦਾ। ਮੌਤ ਕਿਸੇ ਵੀ ਆਦਮੀ ਦਾ, ਉਮਰ ਦਾ ਜਾਂ ਕਿਸੇ ਵੀ ਯੋਗਤਾ ਦਾ ਲਿਹਾਜ ਨਹੀਂ ਕਰਦੀ।

126 ਕੀ ਤੁਸੀਂ ਹੁਣ ਉਸਨੂੰ ਆਪਣਾ ਨਿੱਜੀ ਮੁਕਤੀਦਾਤਾ ਸਵੀਕਾਰ ਕਰੋਗੇ, ਆਪਣਾ ਹੱਥ ਉਠਾ ਕੇ, ਕਹਿੰਦੇ ਹੋਏ, "ਪਰਮੇਸ਼ੁਰ, ਮੇਰੇ ਉੱਤੇ ਦਇਆ ਕਰ"? ਬਾਕੀ ਸਾਰੀਆਂ ਦੇ ਨਾਲ ਆਪਣੇ ਹੱਥ ਨੂੰ ਉੱਚਾ ਉਠਾਉ, ਅਤੇ ਆਖੋ, "ਹੁਣ ਮੈਂ ਮਸੀਹ ਨੂੰ ਕਬੂਲ ਕਰਨਾ ਚਾਹੁੰਦਾ ਹਾਂ।" ਕੀ ਤੁਸੀਂ ਆਪਣਾ ਹੱਥ ਉਠਾਉਗੇ?

127 ਜੋ ਕੋਈ ਨਿਹਚਾ ਤੋਂ ਪਿੱਛੇ ਫਿਰ ਚੁੱਕਾ ਹੈ, ਆਖੇ, "ਪਰਮੇਸ਼ੁਰ, ਮੇਰੇ ਉੱਤੇ ਦਇਆ ਕਰ। ਅੱਜ ਰਾਤ ਮੈਂ ਮਸੀਹ ਦੇ ਕੋਲ ਵਾਪਿਸ ਆਉਣਾ ਚਾਹੁੰਦਾ ਹਾਂ, ਕਿ ਕੱਲ ਮੇਰੇ ਲਈ, ਇੱਕ ਨਵਾਂ, ਜੀ ਉਠਣਾ ਹੋਵੇ।" ਕੀ ਤੁਸੀਂ ਆਪਣੇ ਹੱਥ ਉਠਾਉਗੇ? ਆਪਣੇ ਹੱਥ ਉਤਾਂਹ ਚੁੱਕੋ, ਅਤੇ ਆਖੋ, "ਮੇਰੇ ਉੱਤੇ ਰਹਿਮ ਕਰ। ਹੁਣ ਮੈਂ ਆਉਣਾ ਚਾਹੁੰਦਾ ਹਾਂ।" ਕੀ ਤੁਸੀਂ ਅਜਿਹਾ ਕਰੋਗੇ? ਆਪਣਾ ਹੱਥ ਉਤਾਂਹ ਉਠਾਓ, ਆਖੋ, "ਮੈਂ ਨਿਹਚਾ ਤੋਂ ਡਿੱਗ ਚੁੱਕਾ ਹਾਂ, ਪਰ ਅੱਜ ਰਾਤ…" ਪਰਮੇਸ਼ੁਰ ਤੁਹਾਨੂੰ ਬਰਕਤ ਦੇਵੇ, ਇਸਤ੍ਰੀ। ਪਰਮੇਸ਼ੁਰ ਤੁਹਾਨੂੰ ਬਰਕਤ ਦੇਵੇ। ਇਹ ਵਧੀਆ ਗੱਲ ਹੈ। "ਮੈਂ ਮਸੀਹ ਨੂੰ ਆਪਣਾ ਨਿੱਜੀ ਮੁਕਤੀਦਾਤਾ ਕਬੂਲ ਕਰਾਂਗਾ। ਅੱਜ ਰਾਤ ਮੈਂ ਉਸਨੂੰ ਕਬੂਲ ਕਰਾਂਗਾ। ਮੈਂ ਮਸੀਹ ਤੋਂ ਦੂਰ ਬਹੁਤ ਸਾਲ ਭਟਕ ਲਿਆ ਹੈ, ਪਰ ਹੁਣ ਮੈਂ ਘਰ ਆ ਰਿਹਾ ਹਾਂ।" ਕੀ ਅੱਜ ਰਾਤ ਤੁਸੀਂ ਉਹਨੂੰ ਕਬੂਲ ਕਰੋਗੇ ਕਿ ਇਹ ਤੁਹਾਡੇ ਲਈ ਇੱਕ ਨਵਾਂ ਜੀ ਉਠਣਾ ਹੋਵੇ, ਤੁਹਾਡਾ ਪੁਰਾਣਾ ਜੀਵਨ ਸ਼ਾਇਦ ਖਤਮ ਹੋ ਜਾਵੇ?

128 ਇਹ ਇਸਤ੍ਰੀ ਆਪਣੇ ਇਕਰਾਰ ਤੇ, ਖੜੇ ਹੋਣ ਲਈ, ਜਗਵੇਦੀ ਉੱਤੇ ਆ ਰਹੀ ਹੈ। ਕੀ ਕੋਈ ਹੋਰ ਇੱਥੇ ਆਪਣਾ ਸਥਾਨ ਲੈਣਾ ਚਾਹੁੰਦਾ ਹੈ, ਆਪਣੇ ਇਕਰਾਰ ਲਈ, ਉਸਦੇ ਨਾਲ ਇੱਥੇ ਆਉਣਾ ਚਾਹੁੰਦਾ ਹੈ? ਕੀ ਤੁਸੀਂ ਵੀ ਖੜੇ ਹੋਵੋਗੇ, ਅਤੇ ਜਗਵੇਦੀ ਉੱਤੇ, ਆਉਗੇ? ਜਗਵੇਦੀ ਖੁੱਲ੍ਹੀ ਹੋਈ ਹੈ। ਯਕੀਨਨ। ਠੀਕ ਹੁਣੇ ਤੁਸੀਂ ਉੱਪਰ ਆ ਜਾਓ। ਜੇ ਤੁਸੀਂ ਇੱਥੇ ਖੜ੍ਹੇ ਰਹਿ ਕੇ ਪ੍ਰਾਰਥਨਾ ਕਰਨੀ ਚਾਹੁੰਦੇ ਹੋ ਤਾਂ ਇਹ ਵਧੀਆ ਗੱਲ ਹੋਵੇਗੀ। ਆ ਜਾਓ। ਕੀ ਤੁਸੀਂ ਆਓਗੇ? ਆਪਣੀ ਨਿਹਚਾ ਦੇ ਇਕਰਾਰ ਲਈ, ਪਰਮੇਸ਼ੁਰ ਦੇ ਪੁੱਤਰ ਵਿੱਚ ਆਪਣੇ ਵਿਸ਼ਵਾਸ ਲਈ, ਕੀ ਤੁਸੀਂ ਹੁਣੇ ਆਉਗੇ? ਠੀਕ ਹੈ।

129 ਤੁਸੀਂ ਯਾਦ ਰੱਖੋ, ਇਹ ਤੁਹਾਡੇ ਉੱਤੇ ਨਿਰਭਰ ਹੈ। ਤੁਸੀਂ ਹੀ ਹੋ। ਕੀ ਤੁਸੀਂ ਇੱਕ ਪਾਪੀ ਹੋ? ਕੀ ਤੁਸੀਂ ਨਿਹਚਾ ਤੋਂ ਡਿੱਗ ਚੁੱਕੇ ਹੋ? ਕੀ ਤੁਸੀਂ ਠੰਡੇ ਪੈ

ਚੁੱਕੇ ਹੋ ਅਤੇ ਮਸੀਹ ਤੋਂ ਦੂਰ ਹੋ? ਅਤੇ ਕੀ ਤੁਸੀਂ ਹੁਣ ਨਵੇਂ ਰੂਪ ਵਿੱਚ ਉਹਦੇ ਨਾਲ ਜੀ ਉਠਣਾ ਚਾਹੁੰਦੇ ਹੋ, ਇੱਕ ਨਵੀਂ ਜਿੰਦਗੀ ਸ਼ੁਰੂ ਕਰਨਾ ਚਾਹੁੰਦੇ ਹੋ? ਤੁਹਾਡੇ ਬਾਰੇ ਕਿਹਾ ਜਾਵੇ, ਪਤੀ ਤੇ ਪਤਨੀ ਜੋ ਕਾਫ਼ੀ ਲੰਮੇ ਸਮੇਂ ਤੋਂ—ਤੋਂ ਰੁੱਸੇ ਹੋਏ ਹਨ, ਆਪਣੇ ਘਰ ਵਿੱਚ ਲੜਦੇ ਰਹਿੰਦੇ ਹੋ? ਕੀ ਹੁਣ ਤੁਸੀਂ ਆਉਗੇ ਅਤੇ ਪਰਮੇਸ਼ੁਰ ਨਾਲ ਅਤੇ ਇੱਕ ਦੂਸਰੇ ਨਾਲ ਆਪਣੇ ਸੰਬੰਧਾਂ ਨੂੰ ਠੀਕ ਕਰੋਗੇ? ਇਸ ਈਸਟਰ ਨੂੰ ਆਪਣੇ ਲਈ ਇੱਕ ਅਸਲ ਈਸਟਰ ਬਣਾਉ, ਇੱਕ ਨਵਾਂ ਘਰ ਸ਼ੁਰੂ ਕਰੋ।

130 ਤੁਹਾਡੇ ਬਾਰੇ ਕੀ ਹੈ ਜਿਨ੍ਹਾਂ ਨੇ ਆਪਣੇ ਘਰ ਵਿੱਚ, ਕਦੇ ਵੀ ਪ੍ਰਾਰਥਨਾ ਨਹੀਂ ਕੀਤੀ, ਤੁਸੀਂ ਬਸ ਗਿਰਜੇ ਤੋਂ ਘਰ ਜਾਂਦੇ ਹੋ ਅਤੇ ਜਿਨ੍ਹਾਂ ਵਧੀਆ ਹੋ ਸਕੇ ਜੀਵਨ ਗੁਜਾਰਦੇ ਹੋ, ਕਦੇ ਵੀ ਆਪਣੇ ਪਰਿਵਾਰ ਨੂੰ ਲੈ ਕੇ ਪ੍ਰਾਰਥਨਾ ਨਹੀਂ ਕਰਦੇ ਹੋ? ਇਸੇ ਕਾਰਣ ਸਾਡੇ ਕੋਲ ਬਾਲ ਅਪਰਾਧ ਦੇ ਮਾਮਲੇ ਹਨ ਅਤੇ ਉਹ ਚੀਜਾਂ ਜੋ ਸਾਡੇ ਕੋਲ ਹਨ। ਇਸੇ ਕਾਰਣ ਅਮਰੀਕੀ ਘਰ ਟੁੱਟੇ ਹੋਏ ਹਨ। ਕੀ ਤੁਸੀਂ ਨਹੀਂ ਆਉਗੇ, ਅੱਜ ਰਾਤ ਨਵੇਂ ਸਿਰਿਓਂ ਸ਼ੁਰੂ ਕਰੋ? ਕੀ ਤੁਸੀਂ ਅਜਿਹਾ ਕਰੋਗੇ? ਤੁਹਾਨੂੰ ਸੱਦਾ ਦਿੱਤਾ ਜਾਂਦਾ ਹੈ। ਯਾਦ ਰੱਖੋ, ਹੁਣ ਮੈਂ ਤੁਹਾਡਾ ਸੇਵਕ ਹਾਂ; ਉਸ ਦਿਨ ਮੈਂ ਇੱਕ ਗਵਾਹ ਹੋਵਾਂਗਾ।

ਜਦੋਂ ਕੀ ਅਸੀਂ ਆਪਣੇ ਸਿਰ, ਤਦ, ਹੁਣ ਪ੍ਰਾਰਥਨਾ ਲਈ ਝੁਕਾਏ ਹੋਏ ਹਨ।

131 ਸਾਡੇ ਮੁਬਾਰਕ ਸਵਰਗੀ ਪਿਤਾ, ਅੱਜ ਰਾਤ ਅਸੀਂ ਇਸ ਸਭਾ ਨੂੰ ਤੁਹਾਡੇ ਕੋਲ ਲਿਆਉਂਦੇ ਹਾਂ, ਜਿੰਨ੍ਹੀ ਅਸੀਂ ਜਾਣਦੇ ਹਾਂ ਅਤੇ ਜਿੰਨੀ ਹੋ ਸਕੇ ਉਨੀ ਹੀ ਗੰਭੀਰਤਾ ਨਾਲ। ਅਸੀਂ ਹਲੀਮੀ ਨਾਲ ਤੇਰੇ ਸਿੰਘਾਸਣ ਦੇ ਕੋਲ ਆਉਂਦੇ ਹਾਂ। ਅਤੇ ਅੱਜ ਰਾਤ ਦੇ ਸੰਦੇਸ਼ ਦੇ ਬਾਅਦ, ਕਿ, ਉਸ ਮਹਾਨ ਦਫ਼ਨਾਏ ਜਾਣ ਵਿੱਚ, ਉਹ ਸ਼ਾਂਤੀ ਨਾਲ ਲੇਟਿਆ ਨਹੀਂ ਰਿਹਾ, ਉਸਦਾ ਪ੍ਰਾਣ ਠੀਕ ਉਹਨਾਂ ਥਾਵਾਂ ਵਿੱਚ ਗਿਆ ਅਤੇ ਪਰਮੇਸ਼ੁਰ ਦੇ ਉਸ ਕੰਮ ਨੂੰ ਪੂਰਾ ਕੀਤਾ, ਜਿਹੜਾ ਕੰਮ ਕਰਨ ਲਈ ਉਸਨੂੰ ਮਸਹ ਕੀਤਾ ਗਿਆ ਸੀ। ਅਤੇ ਕੱਲ ਸਵੇਰ, ਅਸੀਂ ਇਹ ਪਤਾ ਲੱਗਾਵਾਂਗੇ ਕੀ ਉਹ ਉੱਪਰਲੇ ਥਾਵਾਂ ਵਿੱਚੋਂ, ਹਰੇਕ ਚੀਜ ਉੱਤੇ ਜਿੱਤ ਪਾਉਂਦਾ ਹੋਇਆ, ਆਪਣੇ ਜੀ ਉੱਠਣ ਵਿੱਚ ਕਿੱਥੇ ਗਿਆ। ਪਰ ਉਹ ਈਸਟਰ ਦੀ ਸਵੇਰ ਸਾਨੂੰ ਧਰਮੀ ਠਹਿਰਾਉਣ ਲਈ ਬਾਹਰ ਆ ਗਿਆ। ਅਤੇ ਅਸੀਂ ਇਹ ਵੇਖਦੇ ਹਾਂ ਕਿ ਉਹਨੇ ਪਵਿੱਤਰ ਆਤਮਾ ਨੂੰ ਵਾਪਸ ਘੱਲਿਆ, ਤਾਂ ਜੋ ਮਨੁੱਖਾਂ ਨੂੰ ਪਾਪ ਲਈ ਦੋਸ਼ੀ ਠਹਿਰਾਵੇ।

132 ਅਤੇ ਪ੍ਰਭੂ ਅੱਜ ਰਾਤ ਅਸੀਂ ਪ੍ਰਾਰਥਨਾ ਕਰਦੇ ਹਾਂ ਕਿ ਜਿਨ੍ਹਾਂ ਲੋਕਾਂ ਨੇ ਆਪਣੇ ਹੱਥਾਂ ਨੂੰ ਉੱਪਰ ਚੁੱਕਿਆ ਹੈ ਤੇਰੇ ਅੱਗੇ ਯਾਦ ਕੀਤੇ ਜਾਣ। ਹੋਣ ਦੇ

ਕਿ ਅੱਜ ਰਾਤ ਉਹਨਾਂ ਦਾ ਫੈਸਲਾ ਹਿਰਦੇ ਤੋਂ ਹੋਵੇ ਕੀ ਉਹਨਾਂ ਨੇ ਤੈਨੂੰ ਕਬੂਲ ਕੀਤਾ ਹੈ, ਅਤੇ ਤੇਰੇ ਉੱਤੇ ਨਿਹਚਾ ਕੀਤੀ ਹੈ, ਅਤੇ ਹੋਣ ਦੇ ਕਿ ਉਹ ਅੱਜ ਰਾਤ ਵਾਅਦੇ ਦੀ ਮੋਹਰ ਨਾਲ, ਪਵਿੱਤਰ ਆਤਮਾ ਨਾਲ ਮੋਹਰਬੰਦ ਕੀਤੇ ਜਾਣ। ਪਿਤਾ, ਅਜਿਹਾ ਬਖਸ਼ ਦੇ। ਕਿਉਂਕਿ, ਅੱਜ ਰਾਤ ਦੇ ਸੰਦੇਸ਼ ਨਾਲ, ਅਸੀਂ ਉਹ ਤੈਨੂੰ ਸੌਂਪਦੇ ਹਾਂ। ਹੋਣ ਦੇ ਕੀ ਜਿਨ੍ਹਾਂ ਨੇ ਇਸ ਨੂੰ ਸੁਣਿਆ ਹੈ, ਉਹ ਬਰਕਤ ਪਾਉਣ, ਪ੍ਰਭੂ, ਉਹ ਵੀ ਜਿਹੜੇ ਇਸ ਨੂੰ ਆਪਣੇ ਘਰ ਲੈ ਕੇ ਜਾਣ, ਅਤੇ ਇਸਨੂੰ ਆਪਣੇ ਹਿਰਦੇ ਦੀ ਡੂੰਘਾਈ ਵਿੱਚ ਉਤਾਰ ਲੈਣ। ਹੋਣ ਦੇ ਕਿ ਉਹ ਪਰਮੇਸ਼ੁਰ ਦੇ ਵਚਨ ਅਨੁਸਾਰ ਆਪਣਾ ਜੀਵਨ ਗੁਜਾਰਨ। ਪਿਤਾ, ਇਸਨੂੰ ਸਵੀਕਾਰ ਕਰ, ਕਿਉਂਕਿ ਅਸੀਂ ਇਹ ਮਸੀਹ ਦੇ ਨਾਂ ਵਿੱਚ ਮੰਗਦੇ ਹਾਂ। ਆਮੀਨ।

57-0420 ਦਫ਼ਨਾਇਆ ਜਾਣਾ
ਬ੍ਰਾਨਹਾਮ ਟੇਬਰਨੇਕਲ
ਜੈਫਰਸਨਵਿਲੇ, ਇੰਡੀਆਨਾ ਸੰਯੁਕਤ ਰਾਜ ਅਮਰੀਕਾ

PUNJABI

©2025 VGR, ALL RIGHTS RESERVED

VOICE OF GOD RECORDINGS, INDIA OFFICE
19 (NEW NO: 28) SHENOY ROAD, NUNGAMBAKKAM
CHENNAI 600 034, INDIA
044 28274560 • 044 28251791
india@vgroffice.org

VOICE OF GOD RECORDINGS
P.O. BOX 950, JEFFERSONVILLE, INDIANA 47131 U.S.A.
www.branham.org

ਕਾਪੀਰਾਈਟ ਨੋਟਿਸ

ਸਾਰੇ ਹੱਕ ਰਾਖਵੇਂ ਹਨ । ਇਹ ਕਿਤਾਬ ਨਿਜੀ ਵਰਤੋਂ ਜਾਂ ਯਿਸੂ ਮਸੀਹ ਦੇ ਸ਼ੁਭਸਮਚਾਰ ਦੇ ਪ੍ਰਸਾਰ ਵਾਸਤੇ ਮੁਫ਼ਤ ਵੰਡਣ ਲਈ, ਘਰੇਲੂ ਪ੍ਰਿੰਟਰ ਤੇ ਛਾਪੀ ਜਾ ਸਕਦੀ ਹੈ । ਇਹ ਕਿਤਾਬ ਵੋਇਸ ਆਫ ਗੋਡ ਰਿਕਾਰਡਿੰਗਜ® ਵਲੋਂ ਲਿਖਤੀ ਇਜ਼ਾਜ਼ਤ ਦੇ ਬਿਨਾ ਵੇਚੀ, ਵੱਡੇ ਪੈਮਾਨੇ ਤੇ ਦੁਬਾਰਾ ਛਾਪੀ, ਕਿਸੇ ਵੈਬਸਾਈਟ ਤੇ ਪੋਸਟ, ਕਿਸੇ ਰੀਟਰੀਵਲ ਸਿਸਟਮ ਤੇ ਸਟੋਰ, ਕਿਸੇ ਹੋਰ ਭਾਸ਼ਾ ਵਿੱਚ ਅਨੁਵਾਦ, ਜਾਂ ਪੈਸੇ ਦੀ ਮੰਗ ਲਈ ਨਹੀਂ ਵਰਤੀ ਜਾ ਸਕਦੀ ਹੈ ।

ਵਧੇਰੇ ਜਾਣਕਾਰੀ ਜਾਂ ਹੋਰ ਉਪਲੱਬਧ ਸਮਗਰੀ ਦੇ ਲਈ, ਕਿਰਪਾ ਕਰੇ ਸੰਪਰਕ ਕਰੋ:

Voice Of God Recordings, India Office
19 (New No: 28) Shenoy Road, Nungambakkam
Chennai 600 034, India
044 28274560 • 044 28251791
india@vgroffice.org

Voice Of God Recordings
P.O. Box 950, Jeffersonville, Indiana 47131 U.S.A.
www.branham.org